ਵੀਰਵਾਰ, 1 ਅਕਤੂਬਰ, 2026
15 ਅੱਸੂ { ਨਾਨਕਸ਼ਾਹੀ 558 / ਬਿਕਰਮੀ 2083
ਜਿਲਦ/VOL. : 75
ਅੰਕ/NO. : 121

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • THURSDAY, 1 OCTOBER, 2026 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 14

# ਲੋਕਤੰਤਰ ਬਚਾਉਣ ਲਈ 2 ਤੋਂ ਦੇਸ਼ ਵਿਆਪੀ ਪ੍ਰਦਰਸ਼ਨ

## ਇੰਡੀਆ ਗੱਠਜੋੜ ਵੱਲੋਂ 6 ਨੂੰ ਚੋਣ ਕਮਿਸ਼ਨ ਵੱਲ ਮਾਰਚ ਤੇ ਪਹਿਲੀ ਨਵੰਬਰ ਨੂੰ ਦਿੱਲੀ 'ਚ ਵੱਡੀ ਰੈਲੀ



**ਨਵੀਂ ਦਿੱਲੀ (ਨਵਾਂ ਜ਼ਮਾਨਾ ਸਰਵਿਸ) :** ਕਾਂਗਰਸ ਪ੍ਰਧਾਨ ਮੱਲਿਕਾਰਜੁਨ ਖੜਗੇ ਨੇ ਬੁੱਧਵਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਵੋਟ ਚੋਰੀ ਦੇ ਅਸਲ ਮਾਸਟਰਮਾਈਂਡ ਗਰਦਾਨਿਆ ਅਤੇ 19 ਪਾਰਟੀਆਂ ਦੇ 'ਇੰਡੀਆ' ਗੱਠਜੋੜ ਵੱਲੋਂ ਚੋਣ ਕਮਿਸ਼ਨ ਵਿਰੁੱਧ ਤਿੰਨ ਪੜਾਵੀ ਅੰਦੋਲਨ ਦਾ ਐਲਾਨ ਕੀਤਾ। ਖੜਗੇ ਨੇ ਇੰਡੀਆ ਗੱਠਜੋੜ ਦੀ ਮੀਟਿੰਗ ਤੋਂ ਬਾਅਦ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਐਲਾਨ ਕੀਤਾ ਕਿ ਵਿਰੋਧੀ ਪਾਰਟੀਆਂ 2 ਅਕਤੂਬਰ ਤੋਂ 8 ਅਕਤੂਬਰ ਤੱਕ ਜ਼ਿਲ੍ਹਾ ਪੱਧਰ 'ਤੇ 'ਲੋਕਤੰਤਰ ਬਚਾਓ' ਮਾਰਚ ਅਤੇ ਪ੍ਰਦਰਸ਼ਨ ਕਰਨਗੀਆਂ। ਇਸ ਵਿਚਾਲੇ 6 ਅਕਤੂਬਰ ਨੂੰ ਸਾਰੇ ਵਿਰੋਧੀ ਸੰਸਦ ਮੈਂਬਰਾਂ ਵੱਲੋਂ ਚੋਣ ਕਮਿਸ਼ਨ ਵੱਲ ਮਾਰਚ ਕੀਤਾ ਜਾਵੇਗਾ ਅਤੇ 1 ਨਵੰਬਰ ਨੂੰ ਦਿੱਲੀ ਵਿੱਚ ਇੱਕ ਵੱਡੀ ਰੈਲੀ ਕੀਤੀ ਜਾਵੇਗੀ। ਖੜਗੇ ਨੇ ਕਿਹਾ ਕਿ ਗੱਠਜੋੜ ਨੇ 'ਲੋਕਤੰਤਰ ਦੇ ਕਤਲ ਵਿਰੁੱਧ ਲੜਨ' ਦਾ ਸਮੂਹਕ ਤੌਰ 'ਤੇ ਫੈਸਲਾ ਕੀਤਾ ਹੈ। ਖੜਗੇ ਨੇ ਜ਼ੋਰ ਦੇ ਕੇ ਕਿਹਾ ਕਿ ਸਾਰੀਆਂ ਪਾਰਟੀਆਂ ਇਸ ਗੱਲ 'ਤੇ ਸਹਿਮਤ ਹਨ ਕਿ ਚੋਣਾਂ ਈ ਵੀ ਐੱਮ ਦੀ ਬਜਾਏ ਬੈਲਟ ਪੇਪਰਾਂ ਰਾਹੀਂ ਹੋਣੀਆਂ ਚਾਹੀਦੀਆਂ ਹਨ।

ਅਪੋਜ਼ੀਸ਼ਨ ਨੇਤਾਵਾਂ, ਜਿਨ੍ਹਾਂ ਵਿੱਚ ਕਾਂਗਰਸ ਦੀ ਸਾਬਕਾ ਮੁਖੀ ਸੋਨੀਆ ਗਾਂਧੀ ਅਤੇ ਰਾਹੁਲ ਗਾਂਧੀ, ਸੀ ਪੀ ਆਈ ਦੇ ਜਨਰਲ ਸਕੱਤਰ ਡੀ ਰਾਜਾ, ਟੀ ਐੱਮ ਸੀ ਮੁਖੀ ਮਮਤਾ ਬੈਨਰਜੀ, ਜੰਮੂ-ਕਸ਼ਮੀਰ ਦੇ ਮੁੱਖ ਮੰਤਰੀ ਉਮਰ ਅਬਦੁੱਲਾ, ਸਾਬਕਾ ਮੁੱਖ ਮੰਤਰੀ ਮਹਿਬੂਬਾ ਮੁਫਤੀ, ਰਾਜਦ ਦੇ ਤੇਜਸਵੀ ਯਾਦਵ ਅਤੇ ਐੱਨ ਸੀ ਪੀ ਦੀ ਸੰਸਦ ਮੈਂਬਰ ਸੁਪ੍ਰਿਆ ਸੁਲੇ ਸ਼ਾਮਲ ਸਨ, ਦੀ ਸਾਢੇ ਤਿੰਨ ਘੰਟੇ ਬੈਠਕ ਚੱਲੀ। ਸਾਂਝੀ ਪ੍ਰੈੱਸ ਕਾਨਫਰੰਸ ਵਿੱਚ ਖੜਗੇ ਨੇ ਦੱਸਿਆ ਕਿ ਅਪੋਜ਼ੀਸ਼ਨ ਦੇ ਨੇਤਾ ਰਾਸ਼ਟਰਪਤੀ ਤੋਂ ਸਮਾਂ ਮੰਗਣਗੇ ਅਤੇ ਅਕਤੂਬਰ ਦੇ ਦੂਜੇ ਹਫਤੇ 'ਵੋਟ ਚੋਰ ਸਰਕਾਰ' ਖਿਲਾਫ ਮੰਗ ਪੱਤਰ ਸੌਂਪਣਗੇ। ਉਨ੍ਹਾ ਕਿਹਾ ਕਿ ਇੰਡੀਆ ਗੱਠਜੋੜ ਦੇ ਨੇਤਾ ਸੁਪਰੀਮ ਕੋਰਟ ਨੂੰ ਅਪੀਲ ਕਰਦੇ ਹਨ ਕਿ ਉਹ ਐੱਸ ਆਈ ਆਰ ਅਤੇ ਚੋਣ ਬੇਨਿਯਮੀਆਂ ਦੇ ਕੇਸਾਂ ਵਿੱਚ ਜਲਦੀ ਸੁਣਵਾਈ

• ਬਾਕੀ ਸਫਾ 2 'ਤੇ

# ਕਣਕ ਦੇ ਭਾਅ 'ਚ ਸਭ ਤੋਂ ਘੱਟ ਵਾਧਾ



**ਨਵੀਂ ਦਿੱਲੀ (ਨ ਜ਼ ਸ) :** ਕੇਂਦਰ ਸਰਕਾਰ ਨੇ ਬੁੱਧਵਾਰ ਖਰੀਦ ਸੀਜ਼ਨ 2027-28 ਲਈ ਹਾੜ੍ਹੀ ਦੀਆਂ ਫਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ (ਐੱਮ ਐੱਸ ਪੀ) ਵਿੱਚ ਵਾਧੇ ਨੂੰ ਮਨਜ਼ੂਰੀ ਦੇ ਦਿੱਤੀ। ਇਸ ਤਹਿਤ ਤੇਲ-ਬੀਜ ਫਸਲ ਕੁਸੁੰਭਾ (ਸੈਫਲਾਵਰ) ਦੇ ਭਾਅ ਵਿੱਚ ਸਭ ਤੋਂ ਵੱਧ 675 ਰੁਪਏ ਪ੍ਰਤੀ ਕੁਇੰਟਲ ਦਾ ਵਾਧਾ ਕੀਤਾ ਗਿਆ ਹੈ।

ਸਰਕਾਰ ਨੇ ਕਿਹਾ ਕਿ ਇਸ ਵਾਧੇ ਦਾ ਮੁੱਖ ਉਦੇਸ਼ ਕਿਸਾਨਾਂ ਨੂੰ ਰਵਾਇਤੀ ਫਸਲਾਂ ਤੋਂ ਹਟ ਕੇ ਫਸਲੀ ਵਿਭਿੰਨਤਾ ਵੱਲ ਉਤਸ਼ਾਹਤ ਕਰਨਾ ਹੈ।

ਰੇਪਸੀਡ ਅਤੇ ਸਰ੍ਹੋਂ ਦੇ ਭਾਅ ਵਿੱਚ 413 ਰੁਪਏ ਪ੍ਰਤੀ ਕੁਇੰਟਲ ਦਾ ਵਾਧਾ ਕੀਤਾ ਗਿਆ ਹੈ, ਜਿਸ ਨਾਲ ਇਸ ਦੀ ਐੱਮ ਐੱਸ ਪੀ 6,613 ਰੁਪਏ ਪ੍ਰਤੀ ਕੁਇੰਟਲ ਹੋ ਗਈ ਹੈ। ਮਸਰ ਦੀ ਦਾਲ ਦੇ ਭਾਅ ਵਿੱਚ 390 ਰੁਪਏ ਦਾ ਵਾਧਾ ਕਰਕੇ ਇਸ ਨੂੰ 7,390 ਰੁਪਏ ਪ੍ਰਤੀ ਕੁਇੰਟਲ ਕਰ ਦਿੱਤਾ ਗਿਆ ਹੈ। ਜੌਂ ਦਾ ਭਾਅ 136 ਰੁਪਏ ਵਧਾ ਕੇ 2,286 ਰੁਪਏ, ਛੋਲਿਆਂ ਦਾ 83 ਰੁਪਏ ਵਧਾ ਕੇ 5958 ਰੁਪਏ ਪ੍ਰਤੀ ਕੁਇੰਟਲ ਮਿੱਥਿਆ ਗਿਆ ਹੈ। ਕਣਕ ਦੇ ਭਾਅ ਵਿੱਚ ਸਭ ਤੋਂ ਘੱਟ 25 ਰੁਪਏ ਦਾ ਮਾਮੂਲੀ ਵਾਧਾ ਹੋਇਆ ਹੈ, ਜਿਸ ਨਾਲ ਇਹ 2,610 ਰੁਪਏ ਪ੍ਰਤੀ ਕੁਇੰਟਲ ਦੇ ਭਾਅ ਖਰੀਦੀ ਜਾਵੇਗੀ। ਅਧਿਕਾਰਤ ਅੰਕੜਿਆਂ ਮੁਤਾਬਕ 2014-15 ਤੋਂ 2025-26 ਦੌਰਾਨ ਕਣਕ ਦੀ ਖਰੀਦ 3,715 ਲੱਖ ਮੀਟ੍ਰਿਕ ਟਨ ਰਹੀ, ਜਦੋਂ ਕਿ 2004-05 ਤੋਂ 2013-14 ਦੌਰਾਨ ਇਹ 2,254 ਲੱਖ ਮੀਟ੍ਰਿਕ ਟਨ ਸੀ। ਸਰਕਾਰੀ ਬਿਆਨ ਮੁਤਾਬਕ 2014-15 ਤੋਂ 2025-26 ਦੌਰਾਨ ਕਣਕ ਉਤਪਾਦਕਾਂ ਨੂੰ ਐੱਮ ਐੱਸ ਪੀ ਵਜੋਂ 7.31 ਲੱਖ ਕਰੋੜ ਰੁਪਏ ਦੀ ਅਦਾਇਗੀ ਕੀਤੀ ਗਈ, ਜੋ ਕਿ 2004-05 ਤੋਂ 2013-14 ਦੌਰਾਨ 2.56 ਲੱਖ ਕਰੋੜ ਰੁਪਏ ਸੀ।

# ਪੰਜਾਬ ਕਾਂਗਰਸ ਦੀ ਕਪਤਾਨੀ ਦੀ ਦੌੜ 'ਚ ਪਰਗਟ ਵੀ ਸ਼ਾਮਲ

**ਚੰਡੀਗੜ੍ਹ (ਨ ਜ਼ ਸ) :** ਕਦੋਂ ਮੌਸਮ ਬਦਲ ਜਾਵੇ ਅਤੇ ਕਦੋਂ ਪ੍ਰਧਾਨ ਬਦਲ ਜਾਵੇ, ਕੁਝ ਪਤਾ ਨਹੀਂ ਲੱਗਦਾ। ਪੰਜਾਬ ਕਾਂਗਰਸ ਦਾ ਨਵਾਂ ਪ੍ਰਧਾਨ ਬਣਾਏ ਜਾਣ ਦੀ ਚਰਚਾ ਦਰਮਿਆਨ ਇਹ ਗੱਲ ਅਸੈਂਬਲੀ ਵਿੱਚ ਆਪੋਜ਼ੀਸ਼ਨ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਬੁੱਧਵਾਰ ਇੱਥੇ ਆਪਣੀ ਰਿਹਾਇਸ਼ 'ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਹੀ। ਬਾਜਵਾ ਨੇ ਬਾਅਦ ਵਿੱਚ ਸਪੱਸ਼ਟ ਕੀਤਾ ਕਿ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ ਬਦਲਣ ਬਾਰੇ ਉਨ੍ਹਾ ਨੂੰ ਕੁਝ ਨਹੀਂ ਪਤਾ। ਪੰਜਾਬ ਕਾਂਗਰਸ ਵੱਲੋਂ ਅਸੈਂਬਲੀ ਚੋਣਾਂ ਨੂੰ ਲੈ ਕੇ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਰਾਹੁਲ ਗਾਂਧੀ ਦੇ ਅਕਤੂਬਰ ਮਹੀਨੇ ਦੇ ਦੂਜੇ ਜਾਂ ਤੀਜੇ ਹਫਤੇ ਵਿੱਚ ਆਉਣ ਦੀ ਉਮੀਦ ਹੈ। ਉਨ੍ਹਾ ਕਿਹਾ ਕਿ ਕਾਂਗਰਸ ਪਾਰਟੀ ਵੱਲੋਂ ਲੋਕਾਂ ਨਾਲ

• ਬਾਕੀ ਸਫਾ 2 'ਤੇ

# ਚੋਣਾਂ 'ਚ ਚਿੱਟਾ ਹੀ ਭਾਜਪਾ ਦਾ ਸਭ ਤੋਂ ਵੱਡਾ ਮੁੱਦਾ ਹੋਵੇਗਾ : ਸ਼ਾਹ

**ਜਲੰਧਰ (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ) :** "ਮੈਂ ਇੱਥੇ ਪੰਜਾਬ ਦੀਆਂ ਮਾਵਾਂ ਅਤੇ ਨੌਜਵਾਨਾਂ ਨੂੰ ਅਪੀਲ ਕਰਨ ਲਈ ਆਇਆ ਹਾਂ ਕਿ ਉਹ ਇਸ ਚੋਣ ਵਿੱਚ ਭਾਜਪਾ ਦਾ ਸਮਰਥਨ ਕਰਨ ਅਤੇ ਪੰਜਾਬ 31 ਦਸੰਬਰ, 2029 ਤੱਕ ਚਿੱਟੇ ਦੀ ਬਿਪਤਾ ਤੋਂ ਮੁਕਤ ਹੋ ਜਾਵੇਗਾ।" ਇਸ ਤਰ੍ਹਾਂ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਬੁੱਧਵਾਰ ਇੱਥੇ ਰੈਲੀ ਵਿੱਚ ਸਪੱਸ਼ਟ ਕੀਤਾ ਕਿ ਭਾਜਪਾ ਅਸੈਂਬਲੀ ਚੋਣਾਂ ਵਿੱਚ ਨਸ਼ੇ ਨੂੰ ਹੀ ਸਭ ਤੋਂ ਵੱਡਾ ਮੁੱਦਾ ਬਣਾਏਗੀ। ਸ਼ਾਹ ਨੇ ਅਕਾਲੀ ਦਲ ਨਾਲ ਕਿਸੇ ਤਰ੍ਹਾਂ ਦੇ ਗੱਠਜੋੜ ਦਾ ਕੋਈ ਇਸ਼ਾਰਾ ਨਹੀਂ ਕੀਤਾ। ਸ਼ਾਹ ਨੇ ਵਾਰ-ਵਾਰ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਪੰਜਾਬ ਨੂੰ ਚਿੱਟੇ ਦੀ ਬਿਪਤਾ ਤੋਂ ਮੁਕਤ ਕਰਨਾ ਭਾਜਪਾ ਦਾ ਇੱਕਮਾਤਰ ਟੀਚਾ ਹੈ। ਬਾਕੀ ਸਭ ਕੁਝ ਬਾਅਦ ਵਿੱਚ। ਉਨ੍ਹਾ ਦਾਅਵਾ ਕੀਤਾ ਕਿ



ਭਾਜਪਾ ਹੀ ਪੰਜਾਬ ਨੂੰ ਨਸ਼ਿਆਂ ਤੋਂ ਮੁਕਤ ਕਰ ਸਕਦੀ ਹੈ ਕਿਉਂਕਿ ਬਾਕੀ ਸਾਰੀਆਂ ਪਾਰਟੀਆਂ ਅਸਫਲ ਰਹੀਆਂ ਹਨ। ਸ਼ਾਹ ਨੇ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਮਾਨ 'ਤੇ ਨਿਸ਼ਾਨਾ ਸਾਧਦਿਆਂ ਉਨ੍ਹਾਂ 'ਤੇ ਐੱਨ ਸੀ ਬੀ ਨੂੰ ਪੰਜਾਬ ਵਿੱਚ ਦਫਤਰ ਨਾ ਖੋਲ੍ਹਣ ਦੇਣ

• ਬਾਕੀ ਸਫਾ 2 'ਤੇ

## ਭਾਜਪਾ ਦੱਸੇ ਨਸ਼ੇ ਕਿੱਥੋਂ ਆ ਰਹੇ : ਧਾਲੀਵਾਲ



**ਚੰਡੀਗੜ੍ਹ (ਨ ਜ਼ ਸ) :** ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਮੁੱਖ ਬੁਲਾਰੇ ਅਤੇ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਨੇ ਬੁੱਧਵਾਰ ਨੂੰ ਪੰਜਾਬ ਵਿੱਚ ਨਸ਼ਿਆਂ ਖ਼ਿਲਾਫ਼ ਚਲਾਈ ਜਾ ਰਹੀ ਮੁਹਿੰਮ ਨੂੰ ਲੈ ਕੇ ਬੀ ਜੇ ਪੀ 'ਤੇ ਸਵਾਲ ਚੁੱਕਦਿਆਂ ਪੁੱਛਿਆ ਕਿ ਦੇਸ਼ ਵਿੱਚ ਨਸ਼ਾ ਕਿੱਥੋਂ ਆ ਰਿਹਾ ਹੈ ਅਤੇ ਪਾਰਟੀ ਆਪਣੀ 'ਨਸ਼ਾ ਮੁਕਤ ਯਾਤਰਾ' ਗੁਜਰਾਤ ਤੋਂ

• ਬਾਕੀ ਸਫਾ 2 'ਤੇ

# ਲਸ਼ਕਰ ਦਾ ਚੋਟੀ ਦਾ ਦਹਿਸ਼ਤਗਰਦ ਹਲਾਕ

**ਸ੍ਰੀਨਗਰ :** ਯੂਸਮਰਗ ਦੇ ਕੋਰਾਗ ਦੇ ਉੱਚੇ ਇਲਾਕੇ ਵਿੱਚ ਫੌਜ ਅਤੇ ਹੋਰ ਸੁਰੱਖਿਆ ਬਲਾਂ ਦੇ ਸਾਂਝੇ ਅਪ੍ਰੇਸ਼ਨ ਵਿੱਚ ਪਾਕਿਸਤਾਨੀ ਦਹਿਸ਼ਤਗਰਦ ਮੁਹੰਮਦ ਆਸਿਫ ਉਰਫ ਹਾਸ਼ਮ ਮੂਸਾ ਮਾਰ ਦਿੱਤਾ ਗਿਆ ਹੈ। ਉਹ ਪਾਬੰਦੀਸ਼ੁਦਾ ਲਸ਼ਕਰ-ਏ-ਤਈਬਾ ਦਾ ਇੱਕ ਚੋਟੀ ਦਾ ਦਹਿਸ਼ਤਗਰਦ ਸੀ ਤੇ ਕਦੇ ਪਾਕਿਸਤਾਨ ਦੇ ਸਾਬਕਾ ਰਾਸ਼ਟਰਪਤੀ ਪਰਵੇਜ਼ ਮੁਸ਼ੱਰਫ਼ ਦੇ ਸੁਰੱਖਿਆ ਕਾਫਲੇ ਵਿੱਚ ਵੀ ਰਿਹਾ ਸੀ। ਆਸਿਫ, ਜੋ ਕਿ ਫੌਜੀ ਅਤੇ ਸੁਲੇਮਾਨ ਸ਼ਾਹ ਵਰਗੇ ਨਾਵਾਂ ਨਾਲ ਵੀ ਕੰਮ ਕਰਦਾ ਸੀ, 2021 ਵਿੱਚ ਜੰਮੂ-ਕਸ਼ਮੀਰ ਵਿੱਚ ਘੁਸਪੈਠ ਕਰਕੇ ਆਇਆ ਸੀ ਅਤੇ ਇਸ ਖੇਤਰ ਵਿੱਚ ਲਸ਼ਕਰ ਦੇ ਮੁੱਖ ਅਪ੍ਰੇਸ਼ਨ ਕਮਾਂਡਰ ਵਜੋਂ ਸੇਵਾ ਨਿਭਾ ਰਿਹਾ ਸੀ। ਉਸ ਦੀ ਪੰਜ ਸਾਲਾਂ ਤੋਂ ਭਾਲ ਸੀ। ਆਪਣੀ ਸੇਵਾ ਦੌਰਾਨ ਉਸ ਨੇ ਅਮਰੀਕਾ ਵਿੱਚ ਵਿਸ਼ੇਸ਼ ਵੀ ਵੀ ਆਈ ਪੀ ਸੁਰੱਖਿਆ ਸਿਖਲਾਈ ਪ੍ਰਾਪਤ ਕੀਤੀ ਅਤੇ ਅਮਰੀਕੀ ਸਪੈਸ਼ਲ ਫੋਰਸਿਜ਼ ਨਾਲ ਮੈਡੀਕਲ ਕੋਰਸ ਪੂਰੇ ਕੀਤੇ।

# ਤੀਰਅੰਦਾਜ਼ਾਂ ਨੇ 3 ਹੋਰ ਸੋਨ ਤਮਗੇ ਫੁੰਡੇ, ਮਹਿਲਾ ਹਾਕੀ ਟੀਮ ਫਾਈਨਲ 'ਚ

**ਆਈਚੀ-ਨਾਗੋਆ (ਨ ਜ਼ ਸ) :** ਭਾਰਤ ਦੇ ਕੰਪਾਊਂਡ ਤੀਰਅੰਦਾਜ਼ਾਂ ਨੇ ਏਸ਼ੀਆਈ ਖੇਡਾਂ ਦੇ 12ਵੇਂ ਦਿਨ ਦੀ ਸ਼ੁਰੂਆਤ ਲਗਾਤਾਰ ਤਿੰਨ ਸੋਨ ਤਮਗਿਆਂ ਨਾਲ ਕੀਤੀ। ਮਹਿਲਾ ਟੀਮ, ਪੁਰਸ਼ ਟੀਮ ਅਤੇ ਮਿਕਸਡ ਟੀਮ ਨੇ ਸੋਨ ਤਮਗੇ ਜਿੱਤੇ। ਉਨ੍ਹਾਂ ਨੇ ਏਸ਼ੀਆਈ ਖੇਡਾਂ ਦੇ ਸਭ ਤੋਂ ਪ੍ਰਭਾਵਸ਼ਾਲੀ ਤੀਰਅੰਦਾਜ਼ੀ ਰਾਸ਼ਟਰ, ਦੱਖਣੀ ਕੋਰੀਆ ਨੂੰ ਹਰਾਇਆ। ਚਿਕਿਥਾ ਤਾਨੀਪਾਰਥੀ ਅਤੇ ਸਾਹਿਲ ਜਾਧਵ ਦੁਆਰਾ ਸ਼ੂਟ-ਆਫ ਤੋਂ ਬਾਅਦ ਪ੍ਰਾਪਤ ਕੀਤੀ ਗਈ ਮਿਕਸਡ-ਟੀਮ ਜਿੱਤ ਨੇ ਭਾਰਤ ਨੂੰ ਲਾਸ ਏਂਜਲਸ 2028 ਲਈ ਆਪਣਾ ਪਹਿਲਾ ਓਲੰਪਿਕ ਕੋਟਾ ਸਥਾਨ ਵੀ ਦਿਵਾਇਆ। ਮਹਿਲਾਵਾਂ ਦੇ ਫਾਈਨਲ ਮੁਕਾਬਲੇ ਵਿੱਚ ਚਿਕਿਥਾ ਤਾਨੀਪਾਰਥੀ, ਪ੍ਰਿਥਿਕਾ ਪ੍ਰਦੀਪ ਅਤੇ ਜਯੋਤੀ ਸੁਰੇਖਾ ਵੇਨਮ ਦੀ ਤਿਕੜੀ ਨੇ ਚੀਨ ਨੂੰ 238-234 ਦੇ ਫਰਕ ਨਾਲ ਮਾਤ ਦੇ ਕੇ ਪਹਿਲਾ ਸਥਾਨ ਹਾਸਲ ਕੀਤਾ। ਇਸ ਜਿੱਤ ਦੇ ਨਾਲ ਹੀ ਭਾਰਤ ਨੇ ਖਿਤਾਬੀ ਜਿੱਤ ਬਰਕਰਾਰ ਰੱਖਣ ਦਾ ਮਾਣ ਪ੍ਰਾਪਤ ਕੀਤਾ ਹੈ।



ਭਾਰਤੀ ਤੀਰਅੰਦਾਜ਼ਾਂ ਨੇ ਇਸ ਮੁਕਾਬਲੇ ਦੌਰਾਨ 238 ਅੰਕਾਂ ਦਾ ਸਕੋਰ ਬਣਾ ਕੇ ਸਾਲ 2014 ਵਿੱਚ ਇੰਚੋਨ ਏਸ਼ੀਆਈ ਖੇਡਾਂ ਦੌਰਾਨ ਦੱਖਣੀ ਕੋਰੀਆ ਵੱਲੋਂ ਕਾਇਮ ਕੀਤੇ ਗਏ ਵਿਸ਼ਵ ਰਿਕਾਰਡ ਦੀ ਬਰਾਬਰੀ ਵੀ ਕੀਤੀ। ਉਧਰ ਭਾਰਤੀ ਭਾਰਤੀ ਮਹਿਲਾ ਹਾਕੀ ਟੀਮ ਦੱਖਣੀ ਕੋਰੀਆ ਨੂੰ 2-0 ਨਾਲ ਹਰਾ ਕੇ ਫਾਈਨਲ ਵਿਚ ਪਹੁੰਚ ਗਈ ਹੈ। ਜਿੱਥੇ ਉਸ ਦਾ ਮੁਕਾਬਲਾ ਸ਼ੁੱਕਰਵਾਰ ਨੂੰ ਚੀਨ ਨਾਲ ਹੋਵੇਗਾ।

## ਪਾਇਲਟਾਂ ਦੀ ਲੜਾਈ ਨੇ 180 ਯਾਤਰੀਆਂ ਦੀ ਜਾਨ ਸੁਕਾਈ

**ਦੁਬਈ :** ਇੱਥੋਂ ਤੇਲ ਅਵੀਵ ਜਾ ਰਹੀ ਇੱਕ ਉਡਾਣ ਨੂੰ ਹਾਈਜੈਕ ਅਤੇ ਕਰੈਸ਼ ਕਰਨ ਦੀ ਕੋਸ਼ਿਸ਼ ਕੀਤੀ ਗਈ। ਸਹਿ-ਪਾਇਲਟ ਨੇ ਸਹਿ-ਪਾਇਲਟ 'ਤੇ ਚਾਕੂ ਨਾਲ ਹਮਲਾ ਕੀਤਾ ਅਤੇ ਜਹਾਜ਼ ਦਾ ਕੰਟਰੋਲ ਆਪਣੇ ਕਬਜ਼ੇ ਵਿੱਚ ਲੈਣ ਦੀ ਕੋਸ਼ਿਸ਼ ਕੀਤੀ। ਦੂਜੇ ਪਾਇਲਟ ਅਤੇ ਕੁਝ ਯਾਤਰੀਆਂ ਨੇ ਉਸ ਨਾਲ ਝਗੜਾ ਕੀਤਾ ਅਤੇ ਉਸਨੂੰ ਰੋਕਿਆ। ਇਹ ਘਟਨਾ ਬੁੱਧਵਾਰ ਸਵੇਰੇ 9 ਵਜੇ ਦੇ ਕਰੀਬ ਫਲਾਈ ਦੁਬਈ ਦੀ ਇੱਕ ਉਡਾਣ ਵਿੱਚ ਵਾਪਰੀ। ਜਹਾਜ਼ ਇੱਕ ਮਿੰਟ ਦੇ ਅੰਦਰ ਲਗਪਗ 17,000 ਫੁੱਟ ਹੇਠਾਂ ਡਿੱਗ ਗਿਆ। ਇਸ ਤੋਂ ਬਾਅਦ ਜਹਾਜ਼ ਤੋਂ ਹਾਈਜੈਕ ਅਲਰਟ ਭੇਜਿਆ ਗਿਆ। ਇਜ਼ਰਾਈਲ ਨੇ ਤੁਰੰਤ ਲੜਾਕੂ ਜਹਾਜ਼ ਭੇਜੇ। ਉਨ੍ਹਾਂ ਦੀ ਨਿਗਰਾਨੀ ਹੇਠ, ਉਡਾਣ ਨੂੰ ਮੋੜ ਦਿੱਤਾ ਗਿਆ ਅਤੇ ਸਾਊਦੀ ਅਰਬ ਦੇ ਤਾਬੂਕ ਹਵਾਈ ਅੱਡੇ 'ਤੇ ਐਮਰਜੈਂਸੀ ਲੈਂਡਿੰਗ ਕੀਤੀ ਗਈ। ਉਡਾਣ ਵਿੱਚ ਲਗਪਗ 180 ਯਾਤਰੀ ਸਵਾਰ ਸਨ, ਜਿਨ੍ਹਾਂ ਵਿੱਚੋਂ ਲਗਪਗ 150 ਇਜ਼ਰਾਈਲੀ ਨਾਗਰਿਕ ਸਨ। ਕਾਕਪਿਟ ਵਿੱਚ ਪਾਇਲਟ ਅਤੇ ਸਹਿ-ਪਾਇਲਟ ਵਿਚਕਾਰ ਬਹਿਸ ਹੋ ਗਈ। ਇਸ ਦੌਰਾਨ ਜਹਾਜ਼ ਤੋਂ ਐਮਰਜੈਂਸੀ ਸਿਗਨਲ ਭੇਜੇ ਗਏ। ਹਾਲਾਂਕਿ, ਝਗੜੇ ਦਾ ਖਾਸ ਕਾਰਨ ਅਜੇ ਪਤਾ ਨਹੀਂ ਲੱਗ ਸਕਿਆ ਹੈ। ਵਾਇਰਲ ਵੀਡੀਓ ਵਿੱਚ ਯਾਤਰੀਆਂ ਦੀਆਂ ਚੀਕਾਂ ਸੁਣੀਆਂ ਗਈਆਂ। ਇਜ਼ਰਾਈਲੀ ਮੀਡੀਆ ਰਿਪੋਰਟਾਂ ਨੇ ਚਸ਼ਮਦੀਦਾਂ ਦੇ ਹਵਾਲੇ ਨਾਲ ਦਾਅਵਾ ਕੀਤਾ ਹੈ ਕਿ ਝਗੜਾ ਉਦੋਂ ਸ਼ੁਰੂ ਹੋਇਆ ਜਦੋਂ ਇੱਕ ਪਾਇਲਟ ਨੇ ਜਹਾਜ਼ ਨੂੰ ਜ਼ਮੀਨ ਵੱਲ ਮੋੜਨ ਅਤੇ ਇਸਨੂੰ ਕਰੈਸ਼ ਕਰਨ ਦੀ ਕੋਸ਼ਿਸ਼ ਕੀਤੀ। ਜਿਵੇਂ ਹੀ ਜਹਾਜ਼ ਡਿੱਗਣ ਲੱਗਾ, ਅਗਲੀ ਕਤਾਰ ਵਿੱਚ ਬੈਠੇ ਕੁਝ ਇਜ਼ਰਾਈਲੀ ਯਾਤਰੀ ਕਾਕਪਿਟ ਵੱਲ ਭੱਜੇ ਅਤੇ ਹਮਲਾਵਰ ਪਾਇਲਟ ਨਾਲ ਲੜੇ ਅਤੇ ਉਸਨੂੰ ਬਾਹਰ ਕੱਢ ਦਿੱਤਾ। ਸਾਦੇ ਕੱਪੜਿਆਂ ਵਿੱਚ ਦੋ ਹੋਰ ਪਾਇਲਟ ਵੀ ਜਹਾਜ਼ ਵਿੱਚ ਸਵਾਰ ਸਨ, ਜਿਨ੍ਹਾਂ ਵਿੱਚੋਂ ਇੱਕ ਨੇ ਜਹਾਜ਼ ਦਾ ਕੰਟਰੋਲ ਆਪਣੇ ਹੱਥਾਂ ਵਿੱਚ ਲੈ ਲਿਆ।

## ਮਜੀਠੀਆ ਤੇ ਭੋਲਾ ਤਲਬ

**ਚੰਡੀਗੜ੍ਹ :** 6,000 ਕਰੋੜ ਰੁਪਏ ਦੇ ਡਰੱਗ ਮਾਮਲੇ ਦੀ ਜਾਂਚ ਕਰ ਰਹੀ ਵਿਸ਼ੇਸ਼ ਜਾਂਚ ਟੀਮ (ਸਿੱਟ) ਨੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਨੂੰ 5 ਅਕਤੂਬਰ ਨੂੰ ਪੇਸ਼ ਹੋਣ ਲਈ ਸੰਮਨ ਜਾਰੀ ਕੀਤੇ ਹਨ। ਡਰੱਗ ਰੈਕੇਟ ਦੇ ਮੁੱਖ ਦੋਸ਼ੀ ਜਗਦੀਸ਼ ਭੋਲਾ ਨੂੰ ਵੀ ਉਸੇ ਦਿਨ ਤਲਬ ਕੀਤਾ ਗਿਆ ਹੈ। ਸਿੱਟ ਵੱਲੋਂ ਪਹਿਲੀ ਵਾਰ ਦੋਵਾਂ ਨੂੰ ਆਹਮੋ-ਸਾਹਮਣੇ ਬਿਠਾ ਕੇ ਪੁੱਛਗਿੱਛ ਕੀਤੀ ਜਾ ਸਕਦੀ ਹੈ।

# ਬਾਬਾ ਲੱਖਾ ਸਿੰਘ ਤੇ ਸ਼੍ਰੋਮਣੀ ਕਮੇਟੀ ਦੇ 2 ਮੈਂਬਰ ਅਕਾਲ ਤਖ਼ਤ 'ਤੇ ਤਲਬ

**ਅੰਮ੍ਰਿਤਸਰ (ਨ ਜ਼ ਸ) :** ਪੰਜਾਬ ਅਸੈਂਬਲੀ ਵੱਲੋਂ ਪਾਸ ਕੀਤੇ ਗਏ 'ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ, 2026' ਉੱਤੇ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਪ੍ਰਗਟਾਏ ਇਤਰਾਜ਼ਾਂ ਅਤੇ ਚੱਲ ਰਹੇ ਮਾਮਲੇ ਦੇ ਬਾਵਜੂਦ ਉਸ ਨੂੰ ਸਲਾਹੁਣ ਅਤੇ ਸ੍ਰੀ ਅਕਾਲ ਤਖਤ ਸਾਹਿਬ ਤੋਂ 'ਗੁਰੂ ਦੋਖੀ ਤੇ ਖਾਲਸਾ ਪੰਥ ਵਿਰੋਧੀ' ਐਲਾਨੇ ਗਏ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਨਿੱਜੀ ਰੂਪ ਵਿੱਚ ਮਿਲਣ 'ਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਨਾਨਕਸਰ ਕਲੇਰਾਂ (ਜਗਰਾਓਂ) ਦੇ ਬਾਬਾ ਲੱਖਾ ਸਿੰਘ ਕੋਲੋਂ ਦਸ ਦਿਨਾਂ ਵਿੱਚ ਸਪੱਸ਼ਟੀਕਰਨ ਮੰਗਿਆ ਹੈ। ਸ੍ਰੀ ਅਕਾਲ ਤਖਤ ਸਾਹਿਬ ਦੇ ਸਕੱਤਰੇਤ ਵੱਲੋਂ ਉਨ੍ਹਾ ਨੂੰ ਜਾਰੀ ਪੱਤਰ ਵਿੱਚ ਕਿਹਾ ਗਿਆ ਹੈ ਕਿ ਐਕਟ ਦਾ ਮਾਮਲਾ ਅਜੇ ਵੀ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਵਿਚਾਰਾਧੀਨ ਹੈ। ਇਸ ਐਕਟ ਨੂੰ ਖਾਲਸਾ ਪੰਥ ਨੇ ਪ੍ਰਵਾਨ ਨਹੀਂ ਕੀਤਾ, ਕਿਉਂਕਿ ਇਸ ਨਾਲ ਸਰਕਾਰ ਦਾ ਸਿੱਖ ਪੰਥ ਵਿੱਚ ਦਖਲ ਲਈ ਰਾਹ ਖੁੱਲ੍ਹਦਾ ਹੈ। ਪੱਤਰ ਵਿੱਚ ਅੱਗੇ ਕਿਹਾ ਗਿਆ ਹੈ ਕਿ ਆਪ ਇੱਕ ਸਿੱਖ ਪ੍ਰਚਾਰਕ ਹੋ, ਸ੍ਰੀ ਅਕਾਲ ਤਖਤ ਸਾਹਿਬ ਦੀ ਮਾਣ-ਮਰਿਆਦਾ ਨੂੰ ਕਾਇਮ ਰੱਖਣਾ ਅਤੇ ਆਦੇਸ਼ਾਂ ਦੀ ਪਾਲਣਾ ਕਰਨਾ/ ਕਰਵਾਉਣਾ ਤੁਹਾਡਾ ਮੁਢਲਾ ਫਰਜ਼ ਹੈ। ਆਪ ਵੱਲੋਂ ਇਸ ਨੂੰ ਸਲਾਹੁਣਾ ਮੰਦਭਾਗਾ ਹੈ ਅਤੇ ਤੁਸੀਂ ਇਸ ਜ਼ਿੰਮੇਵਾਰੀ ਦੀ ਅਵੱਗਿਆ ਕੀਤੀ ਹੈ। ਬਾਬਾ ਲੱਖਾ ਸਿੰਘ ਨੂੰ ਨਿੱਜੀ ਰੂਪ ਵਿੱਚ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਪੇਸ਼ ਹੋ ਕੇ ਸਪੱਸ਼ਟੀਕਰਨ ਦੇਣ ਲਈ ਕਿਹਾ ਗਿਆ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨਾਲ ਮੁਲਾਕਾਤ ਕਰਨ ਵਾਲੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦੋ ਮੈਂਬਰਾਂ ਮਿੱਠੂ ਸਿੰਘ ਕਾਨੇਕੇ ਅਤੇ ਜਸਵੰਤ ਸਿੰਘ ਪੁੜੈਣ ਤੋਂ ਵੀ ਸ੍ਰੀ ਅਕਾਲ ਤਖਤ ਸਾਹਿਬ ਨੇ 10 ਦਿਨਾਂ ਵਿੱਚ ਸਪੱਸ਼ਟੀਕਰਨ ਮੰਗਿਆ ਹੈ। ਇਸ ਦੌਰਾਨ ਉਨ੍ਹਾਂ 'ਤੇ ਸ਼੍ਰੋਮਣੀ ਕਮੇਟੀ ਦੀਆਂ ਇਕੱਤਰਤਾਵਾਂ ਵਿੱਚ ਹਿੱਸਾ ਲੈਣ 'ਤੇ ਰੋਕ ਲਗਾ ਦਿੱਤੀ ਗਈ ਹੈ।

ਸ੍ਰੀ ਅਕਾਲ ਤਖਤ ਸਾਹਿਬ ਦੇ ਸਕੱਤਰੇਤ ਦੇ ਇੰਚਾਰਜ ਬਗੀਚਾ ਸਿੰਘ

• ਬਾਕੀ ਸਫਾ 2 'ਤੇ

## ਧਾਮੀ ਨੂੰ ਸੀ ਬੀ ਆਈ ਦੀ ਜਾਂਚ 'ਤੇ ਹੀ ਭਰੋਸਾ

**ਅੰਮ੍ਰਿਤਸਰ :** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਬਹਿਰੀਨ ਤੋਂ ਆਈ ਬੀਬੀ ਵੱਲੋਂ ਲਾਏ ਗਏ ਦੋਸ਼ਾਂ ਦੀ ਜਾਂਚ ਸੀਬੀਆਈ) ਨੂੰ ਸੌਂਪੀ ਜਾਵੇ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਅੰਤਰਿੰਗ ਕਮੇਟੀ ਦੀ ਮੀਟਿੰਗ ਤੋਂ ਬਾਅਦ ਦੱਸਿਆ ਕਿ ਜੇ ਸਰਕਾਰ ਨੇ ਤਿੰਨ ਦਿਨਾਂ ਵਿੱਚ ਇਹ ਮੰਗ ਨਾ ਮੰਨੀ, ਤਾਂ ਕਮੇਟੀ ਦਾ ਇੱਕ ਵਫਦ ਰਾਜਪਾਲ ਨੂੰ ਮਿਲੇਗਾ। ਉਨ੍ਹਾ ਕਿਹਾ ਕਿ ਇਸ ਮਾਮਲੇ ਦੀ ਨਿਰਪੱਖਤਾ ਲਈ ਸੀ ਬੀ ਆਈ ਜਾਂਚ ਜ਼ਰੂਰੀ ਹੈ, ਕਿਉਂਕਿ ਕਮੇਟੀ ਵੱਲੋਂ ਬਣਾਈ ਗਈ ਪੰਜ ਮੈਂਬਰੀ ਜਾਂਚ 'ਤੇ ਬੇਲੋੜੇ ਸਵਾਲ ਖੜ੍ਹੇ ਕੀਤੇ ਜਾ ਰਹੇ ਹਨ। ਉਨ੍ਹਾ ਸਵਾਲ ਕੀਤਾ ਕਿ ਜੇ ਸ਼੍ਰੋਮਣੀ ਕਮੇਟੀ ਦੀ ਜਾਂਚ 'ਤੇ ਸ਼ੱਕ ਹੈ, ਤਾਂ ਕੀ ਸਰਕਾਰ ਵੱਲੋਂ ਬਣਾਈ ਕਮੇਟੀ ਨਿਰਪੱਖ ਹੋਵੇਗੀ? ਉਨ੍ਹਾ ਸਪੱਸ਼ਟ ਕੀਤਾ ਕਿ ਐੱਸ ਜੀ ਪੀ ਸੀ ਦੀ ਆਪਣੀ ਜਾਂਚ ਕਮੇਟੀ ਵੀ ਕੰਮ ਜਾਰੀ ਰੱਖੇਗੀ ਅਤੇ ਰਿਪੋਰਟ ਜਨਤਕ ਕੀਤੀ ਜਾਵੇਗੀ।

## ਗਿਆਨੇਸ਼ ਕੁਮਾਰ ਦਾ ਪੁਤਲਾ ਫੂਕਿਆ



**ਛੇਹਰਟਾ/ਖਾਸਾ, (ਮਨੋਜ ਕੁਮਾਰ/ ਸ਼ਸ਼ਪਾਲ ਸਿੰਘ) :** ਸੀ ਪੀ ਆਈ, ਸੀ ਪੀ ਆਈ (ਐੱਮ), ਆਰ ਐੱਮ ਪੀ ਆਈ ਤੇ ਸੀ ਪੀ ਆਈ (ਐੱਮ ਐੱਲ) ਲਿਬਰੇਸ਼ਨ ਨੇ ਸਾਂਝੇ ਤੌਰ 'ਤੇ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਦਾ ਪੁਤਲਾ ਫੂਕਿਆ ਤੇ ਅਸਤੀਫੇ ਦੀ ਮੰਗ ਕੀਤੀ। ਗਿਆਨੇਸ਼ ਦੀ ਬਰਖਾਸਤਗੀ ਦੀ ਮੰਗ ਨੂੰ ਲੈ ਕੇ ਖੱਬੀਆਂ ਪਾਰਟੀਆਂ ਦੇ ਸੱਦੇ 'ਤੇ ਚੌਕ ਪੁਤਲੀਘਰ ਵਿਖੇ ਰੋਸ ਪ੍ਰਦਰਸ਼ਨ ਕੀਤਾ ਗਿਆ ਅਤੇ ਮੁੱਖ ਚੋਣ ਕਮਿਸ਼ਨਰ ਦਾ ਪੁਤਲਾ ਸਾੜਿਆ ਗਿਆ। ਰੋਸ ਪ੍ਰਦਰਸ਼ਨ ਦੌਰਾਨ ਅਮਰਜੀਤ ਸਿੰਘ ਆਸਲ, ਸੁੱਚਾ ਸਿੰਘ ਅਜਨਾਲਾ, ਰਤਨ ਸਿੰਘ ਰੰਧਾਵਾ ਅਤੇ ਬਲਬੀਰ ਸਿੰਘ ਮੂਧਲ ਨੇ ਸੰਬੋਧਨ ਕੀਤਾ। ਬੁਲਾਰਿਆਂ ਨੇ ਮੁੱਖ ਚੋਣ

• ਬਾਕੀ ਸਫਾ 2 'ਤੇ

# ਹਾਸ਼ੀਏ 'ਤੇ ਪਏ ਵਰਗ ਦੀ ਹਾਲਤ ਵਧੇਰੇ ਬਦਤਰ

## 2 ਦੇ ਰੋਸ ਪ੍ਰਦਰਸ਼ਨਾਂ 'ਚ ਹਿੱਸਾ ਲੈਣ ਦੀ ਅਪੀਲ

**ਨਵੀਂ ਦਿੱਲੀ, (ਗਿਆਨ ਸੈਦਪੁਰੀ) :** ਖੇਤੀਬਾੜੀ ਅਤੇ ਪੇਂਡੂ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੰਚ ਦੀ ਮੀਟਿੰਗ ਆਲ ਇੰਡੀਆ ਰੂਰਲ ਲੇਬਰ ਐਸੋਸੀਏਸ਼ਨ ਦੇ ਦਫ਼ਤਰ ਵਿੱਚ ਹੋਈ। ਇਸ ਮੀਟਿੰਗ ਵਿੱਚ ਭਾਰਤੀ ਖੇਤ ਮਜ਼ਦੂਰ ਯੂਨੀਅਨ ਵੱਲੋਂ ਕਾਮਰੇਡ ਗੁਲਜ਼ਾਰ ਸਿੰਘ ਗੋਰੀਆ ਤੇ ਕਾਮਰੇਡ ਵਿਜੇਂਦਰ ਸਿੰਘ ਨਿਰਮਲ, ਆਲ ਇੰਡੀਆ ਵਰਕਰਜ਼ ਯੂਨੀਅਨ ਵੱਲੋਂ ਬੀ. ਵੈਂਕਟ, ਵੀ. ਸਿਵਦਾਸਨ ਤੇ ਵਿਕਰਮ ਸਿੰਘ, ਆਲ ਇੰਡੀਆ ਰੂਰਲ ਐਸੋਸੀਏਸ਼ਨ ਵੱਲੋਂ ਧੀਰੇਂਦਰ ਝਾਅ, ਆਲ ਇੰਡੀਆ ਸੰਯੁਕਤ ਕਿਸਾਨ ਸਭਾ ਵੱਲੋਂ ਇਕੋਲਾ ਸਿੰਘ ਤੇ ਆਰ ਐੱਸ ਡਾਗਰ ਅਤੇ ਆਲ ਇੰਡੀਆ ਅਗਰਗਾਮੀ ਕ੍ਰਿਸ਼ੀ ਸ਼ਰਮਕ ਯੂਨੀਅਨ ਵੱਲੋਂ ਕਾਮਰੇਡ ਧਰਮਿੰਦਰ ਸ਼ਾਮਲ ਹੋਏ। ਮੀਟਿੰਗ ਵਿੱਚ ਸਾਂਝੇ ਮੰਚ ਦੀਆਂ ਪਿਛਲੀਆਂ ਸਰਗਰਮੀਆਂ ਦੀ ਸਮੀਖਿਆ ਕੀਤੀ ਗਈ। ਇਸ ਸਮੀਖਿਆ ਵਿੱਚ 15 ਮਈ ਨੂੰ ਮਗਨਰੇਗਾ ਮਜ਼ਦੂਰਾਂ ਦੀ ਹੜਤਾਲ ਅਤੇ ਇੱਕ ਜੁਲਾਈ 2026 ਨੂੰ ਵੀ ਬੀ ਜੀ ਰਾਮ (ਗ੍ਰਾਮੀਣ) ਨੂੰ ਲਾਗੂ ਕਰਨ ਵਿਰੁੱਧ ਪ੍ਰਦਰਸ਼ਨ ਦੀ ਸਫ਼ਲਤਾ 'ਤੇ ਤਸੱਲੀ ਦਾ ਪ੍ਰਗਟਾਵਾ ਕੀਤਾ ਗਿਆ। ਮੀਟਿੰਗ ਵਿੱਚ ਵਿਚਾਰ-ਵਟਾਂਦਰੇ ਦਾ ਮੁੱਖ ਧੁਰਾ ਵਧ ਰਹੇ ਪੇਂਡੂ ਸੰਕਟ ਬਾਰੇ ਰਿਹਾ। ਮਹਿਸੂਸ ਕੀਤਾ ਗਿਆ ਕਿ ਮਗਨਰੇਗਾ ਦੇ ਖਾਤਮੇ ਅਤੇ ਵੀ ਬੀ ਜੀ ਰਾਮ (ਗ੍ਰਾਮੀਣ) ਦੇ ਲਾਗੂ ਹੋਣ ਤੋਂ ਬਾਅਦ ਸਥਿਤੀ ਬਹੁਤ ਗੰਭੀਰ ਹੋ ਗਈ ਹੈ। ਭਾਰਤੀ ਖੇਤੀਬਾੜੀ ਵਿੱਚ ਨਵ-ਉਦਾਰਵਾਦੀ ਸੁਧਾਰਾਂ ਕਾਰਨ ਖੇਤ ਮਜ਼ਦੂਰ ਪਹਿਲਾਂ ਹੀ



• ਬਾਕੀ ਸਫਾ 2 'ਤੇ

# ਕਾਰਨ ਦੱਸੋ ਨੋਟਿਸ ਜਾਰੀ ਹੋਣ 'ਤੇ ਜ਼ਫਰ ਗੁੱਸੇ 'ਚ



**ਚੰਡੀਗੜ੍ਹ (ਨ ਜ਼ ਸ) :** ਉਚੇਰੀ ਸਿੱਖਿਆ ਅਤੇ ਭਾਸ਼ਾਵਾਂ ਦੀ ਪ੍ਰਬੰਧਕੀ ਸਕੱਤਰ ਸੁਨਾਲੀ ਗਿਰੀ ਵੱਲੋਂ ਕਾਰਨ ਦੱਸੋ ਨੋਟਿਸ ਜਾਰੀ ਕਰਨ 'ਤੇ ਭਾਸ਼ਾ ਵਿਭਾਗ ਦੇ ਡਾਇਰੈਕਟਰ ਜਸਵੰਤ ਸਿੰਘ ਜ਼ਫ਼ਰ ਗੁੱਸੇ ਵਿੱਚ ਆ ਗਏ ਹਨ। ਭਾਸ਼ਾ ਵਿਭਾਗ 'ਚ 42 ਖੋਜ ਸਹਾਇਕਾਂ ਦੀ ਭਰਤੀ ਕਾਫੀ ਸਮੇਂ ਤੋਂ ਵਿਵਾਦਾਂ 'ਚ ਘਿਰੀ ਹੋਈ ਹੈ ਅਤੇ ਇਹ ਮਾਮਲਾ ਅਦਾਲਤ ਤੱਕ ਵੀ ਪੁੱਜਿਆ ਸੀ। ਪੰਜਾਬ ਸਰਕਾਰ ਕੋਲ ਪੁੱਜੀਆਂ ਸ਼ਿਕਾਇਤਾਂ ਮੁਤਾਬਕ ਭਰਤੀ ਮੁਹਿੰਮ ਦੌਰਾਨ ਯੋਗਤਾ ਦੇ ਮਾਪਦੰਡਾਂ 'ਚ ਬਦਲਾਅ ਅਤੇ ਰਾਖਵੇਂਕਰਨ ਦੇ ਨਿਯਮਾਂ ਦੀ ਉਲੰਘਣਾ ਹੋਈ ਹੈ। ਭਰਤੀ ਦਾ ਮਾਮਲਾ ਹਾਲੇ ਤੱਕ ਕਿਸੇ ਸਿਰੇ ਨਹੀਂ ਲੱਗਿਆ। ਸੁਨਾਲੀ ਗਿਰੀ ਮੁਤਾਬਕ ਬੇਸ਼ੱਕ ਭਰਤੀ ਦੀ ਪ੍ਰਕਿਰਿਆ ਪਹਿਲਾਂ ਸ਼ੁਰੂ ਹੋਈ ਸੀ, ਪ੍ਰੰਤੂ ਉਸ ਨੂੰ ਅੱਗੇ ਮੌਜੂਦਾ ਡਾਇਰੈਕਟਰ ਵੱਲੋਂ ਵਧਾਇਆ ਗਿਆ। ਉਨ੍ਹਾ ਇਤਰਾਜ਼ ਕੀਤਾ ਕਿ ਡਾਇਰੈਕਟਰ ਵਾਰ-ਵਾਰ ਬੁਲਾਏ ਜਾਣ ਦੇ ਬਾਵਜੂਦ ਮੀਟਿੰਗਾਂ 'ਚ ਸ਼ਾਮਲ ਨਹੀਂ ਹੁੰਦੇ। ਪਿਛਲੇ ਦਿਨੀਂ ਜ਼ਫ਼ਰ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਪੱਤਰ ਲਿਖ ਕੇ ਕਿਹਾ ਸੀ ਕਿ ਅਫਸਰਸ਼ਾਹੀ ਭਾਸ਼ਾ ਵਿਭਾਗ ਦੇ ਕੰਮਾਂ 'ਚ ਅੜਿੱਕੇ ਪਾ ਰਹੀ ਹੈ। ਹੁਣ ਜ਼ਫ਼ਰ ਨੇ 'ਕਾਰਨ ਦੱਸੋ ਨੋਟਿਸ' ਜਾਰੀ ਹੋਣ ਮਗਰੋਂ ਮੁੱਖ ਮੰਤਰੀ ਨੂੰ ਪੱਤਰ ਲਿਖ ਕੇ ਪ੍ਰਬੰਧਕੀ ਸਕੱਤਰ ਖਿਲਾਫ ਕਾਰਵਾਈ ਦੀ ਮੰਗ ਕੀਤੀ ਹੈ। ਜ਼ਫ਼ਰ ਨੇ ਲਿਖਿਆ ਹੈ ਕਿ ਜਿਸ ਦਫਤਰੀ ਰਿਕਾਰਡ ਨਾਲ ਸੰਬੰਧਤ ਕਲੈਰੀਕਲ ਗਲਤੀ ਨੂੰ ਲੈ ਕੇ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਗਿਆ ਹੈ, ਉਹ ਉਨ੍ਹਾ ਦੀ ਨਿਯੁਕਤੀ ਤੋਂ ਪਹਿਲਾਂ ਦਾ ਮਾਮਲਾ ਹੈ। ਕਿਸੇ ਵੀ ਅਨੁਸ਼ਾਸਨੀ ਕਾਰਵਾਈ ਲਈ ਮੁੱਖ ਮੰਤਰੀ ਹੀ ਸਮਰੱਥ ਹਨ, ਪ੍ਰੰਤੂ ਇਸ ਅਧਿਕਾਰੀ ਨੇ ਤਾਂ ਸਿੱਖਿਆ ਮੰਤਰੀ ਨੂੰ ਵੀ ਇਸ ਦੀ ਸੂਚਨਾ ਨਹੀਂ ਦਿੱਤੀ।

## ਅੱਜ-ਨਾਮਾ

ਕਹੀ ਇੱਕ ਗੱਲ ਪ੍ਰਤਾਪ ਸਿੰਘ ਬਾਜਵੇ ਨੇ,
ਚਰਚਾ ਦਿੱਤੀ ਫਿਰ ਨਵੀਂ ਹੈ ਛੇੜ ਮੀਆਂ।
ਕਿਹਾ ਮੌਸਮ ਦਾ ਪਤਾ ਨਹੀਂ ਕਦੋਂ ਬਦਲੇ,
ਸਿਆਸੀ ਗੇੜ ਵੀ ਦਿੱਤਾ ਈ ਗੇੜ ਮੀਆਂ।
ਕਹੀ ਜਦ ਨਾਲ ਉਸ ਬਾਤ ਪ੍ਰਧਾਨਗੀ ਦੀ,
ਦਿੱਤੇ ਈ ਕਈਆਂ ਦੇ ਪੈਰ ਉਖੇੜ ਮੀਆਂ।
ਵੜਿੰਗ ਦੀ ਹਊ ਡਿੱਗੀ ਖੜੇ ਪੈਰ ਬੁਰਕੀ,
ਜਿਸ ਨਾਲ ਚੱਲਦਾ ਚਿਰਾਂ ਦਾ ਭੇੜ ਮੀਆਂ।
ਸਚਿਨ ਪਾਇਲਟ ਹੈ ਜਿੱਦਾਂ ਕਮਾਨ ਸਾਂਭੀ,
ਕੱਜਣਾ ਮੁਸ਼ਕਲ ਹੈ ਉਸ ਨੂੰ ਕੱਜ ਮੀਆਂ।
ਹਰ ਕੋਈ ਆਪਣੇ ਤੀਰ ਜਦ ਜਾਏ ਛੱਡੀ,
ਕੀਤੜਾ ਕਿਸੇ ਨਾ ਕਦੀ ਕੁਝ ਚੱਜ ਮੀਆਂ।

-ਤੀਸ ਮਾਰ ਖਾਂ

# ਤਲਵੰਡੀ ਸਲੇਮ ਮਾਮਲੇ 'ਚ ਸਰਪੰਚ ਖ਼ਿਲਾਫ਼ ਕਾਰਵਾਈ ਨਾ ਕਰਨ 'ਤੇ ਵਿਖਾਵਿਆਂ ਦਾ ਐਲਾਨ

**ਜਲੰਧਰ (ਗਿਆਨ ਸੈਦਪੁਰੀ) :** ਚੋਟੀ ਦੇ ਇਨਕਲਾਬੀ ਕਵੀ ਪਾਸ਼ ਦੇ ਜੱਦੀ ਪਿੰਡ ਤਲਵੰਡੀ ਸਲੇਮ ਵਿਖੇ 9 ਸਤੰਬਰ ਜਨਮ ਦਿਹਾੜਾ ਉਸ ਦੀ ਸ਼ਹਾਦਤ ਭੂਮੀ ਉੱਪਰ ਮਨਾਉਣ ਦੀਆਂ ਚੱਲ ਰਹੀਆਂ ਜੰਗੀ ਪੱਧਰ ਦੀਆਂ ਤਿਆਰੀਆਂ ਮੌਕੇ ਤਲਵੰਡੀ ਸਲੇਮ ਦੇ ਸਰਪੰਚ ਪ੍ਰਦੀਪ ਸਿੰਘ ਅਤੇ ਉਸਦੇ ਜੋਟੀਦਾਰਾਂ ਵੱਲੋਂ ਪ੍ਰਬੰਧਕੀ ਟੀਮ ਉਪਰ ਹੱਲਾ ਬੋਲਣ, ਮੋਬਾਇਲ ਖੋਹਣ, ਮਜ਼ਦੂਰ ਆਗੂ ਅਤੇ ਕਹਾਣੀਕਾਰ ਹਰਮੇਸ਼ ਮਾਲੜੀ ਨੂੰ ਜਾਤੀ ਸੂਚਕ ਸ਼ਬਦ ਬੋਲਣ, ਗਾਲ੍ਹਾਂ ਕੱਢਣ ਖ਼ਿਲਾਫ਼ ਲਿਖਤੀ ਤੌਰ ਤੇ ਪੁਲਸ ਅਤੇ ਸਿਵਲ ਅਧਿਕਾਰੀਆਂ ਨੂੰ ਸ਼ਿਕਾਇਤ ਕਰਨ ਦੇ ਬਾਵਜੂਦ ਅੱਜ ਤੱਕ ਐੱਫ. ਆਈ ਆਰ ਦਰਜ ਨਾ ਕੀਤੇ ਜਾਣ ਕਾਰਨ ਸਰਕਾਰ ਖ਼ਿਲਾਫ਼ ਬੁੱਧਵਾਰ ਦਰਜਨਾਂ ਹੀ ਸਾਹਿਤਕ, ਸੱਭਿਆਚਾਰਕ, ਤਰਕਸ਼ੀਲ, ਜਮਹੂਰੀ, ਮਜ਼ਦੂਰ, ਕਿਸਾਨ ਅਤੇ ਹੋਰ ਮਿਹਨਤਕਸ਼ ਤਬਕਿਆਂ ਦੀਆਂ ਜਥੇਬੰਦੀਆਂ ਦੇ ਆਗੂਆਂ ਨੇ ਸਾਂਝੀ ਮੀਟਿੰਗ ਕਰਕੇ 9 ਅਕਤੂਬਰ ਸਵੇਰੇ 11 ਵਜੇ ਡੀ ਐੱਸ ਪੀ ਨਕੋਦਰ ਦੇ ਦਫ਼ਤਰ ਸਾਹਮਣੇ ਰੋਸ ਵਿਖਾਵਾ ਕਰਨ ਦਾ ਫੈਸਲਾ ਕੀਤਾ ਹੈ। ਪੰਜਾਬ ਭਰ ਦੇ ਵਿਦਵਾਨਾਂ, ਲੇਖਕਾਂ, ਰੰਗਕਰਮੀਆਂ ਅਤੇ ਜਮਹੂਰੀ ਹਲਕਿਆਂ ਤੱਕ ਜ਼ੋਰਦਾਰ ਮੁਹਿੰਮ ਚਲਾ ਕੇ ਪੰਜਾਬ ਸਰਕਾਰ ਦੀ ਕਹਿਣੀ ਅਤੇ ਕਰਨੀ ਵਿਚਲੇ ਦੋਹਰੇ ਕਿਰਦਾਰ ਦੀ ਅਸਲੀਅਤ ਜੱਗ ਜ਼ਾਹਰ ਕੀਤੀ ਜਾਏਗੀ।ਜਮਹੂਰੀ ਅਧਿਕਾਰ ਸਭਾ ਦੇ ਆਗੂ ਡਾ. ਪਰਮਿੰਦਰ ਸਿੰਘ, ਸਾਹਿਤਕਾਰਾਂ, ਲੇਖਕਾਂ, ਕਵੀਆਂ ਅਤੇ ਰੰਗਕਰਮੀਆਂ ਦੀ ਸੰਸਥਾ ਪੰਜਾਬ ਲੋਕ ਸੱਭਿਆਚਾਰਕ ਮੰਚ (ਪਲਸ ਮੰਚ) ਦੇ ਪ੍ਰਧਾਨ ਅਮੋਲਕ ਸਿੰਘ, ਦੇਸ਼ ਭਗਤ ਯਾਦਗਾਰ ਕਮੇਟੀ ਦੇ ਜਨਰਲ ਸਕੱਤਰ ਅਤੇ ਪਾਸ਼ ਯਾਦਗਾਰੀ ਕੌਮਾਂਤਰੀ ਟਰੱਸਟ ਦੇ ਮੈਂਬਰ ਗੁਰਮੀਤ ਸਿੰਘ ਦੀ ਪ੍ਰਧਾਨਗੀ 'ਚ ਹੋਈ ਮੀਟਿੰਗ 'ਚ ਹੱਥ ਖੜੇ ਕਰਕੇ ਫੈਸਲਾ ਕੀਤਾ ਗਿਆ ਕਿ ਬੁੱਧੀਜੀਵੀਆਂ, ਲੇਖਕਾਂ, ਸਾਹਿਤਕਾਰਾਂ, ਕਵੀਆਂ ਗੱਲ ਕੀ ਸਾਹਿਤ ਅਤੇ ਕਲਾ ਜਗਤ ਨਾਲ ਜੁੜੀਆਂ ਸੰਸਥਾਵਾਂ ਅਤੇ ਸ਼ਖਸੀਅਤਾਂ ਨੂੰ ਵਿਸ਼ੇਸ਼ ਤੌਰ 'ਤੇ 9 ਅਕਤੂਬਰ ਨੂੰ ਨਕੋਦਰ ਵਿਖਾਵੇ 'ਚ ਅਤੇ ਇਸ ਤੋਂ ਅੱਗੇ ਚੱਲਣ ਵਾਲੀ ਜ਼ੋਰਦਾਰ ਮੁਹਿੰਮ ਵਿੱਚ ਸ਼ਾਮਲ ਕਰਨ ਲਈ ਹਰ ਸੰਭਵ ਉਦਮ ਜੁਟਾਏ ਜਾਣਗੇ, ਤਾਂ ਜੋ ਸਰਕਾਰ ਦੇ ਸਾਹਿਤਕਾਰਾਂ, ਕਵੀਆਂ ਅਤੇ ਦਲਿਤਾਂ ਵਿਰੋਧੀ ਰਵੱਈਏ ਨੂੰ ਬੇਪਰਦ ਕੀਤਾ ਜਾ ਸਕੇ। ਮੀਟਿੰਗ 'ਚ ਇਹ ਫੈਸਲਾ ਵੀ ਕੀਤਾ ਗਿਆ ਕਿ 14 ਅਕਤੂਬਰ ਸਵੇਰੇ 11 ਵਜੇ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਦੀ ਰਿਹਾਇਸ਼ ਅੱਗੇ ਉਹਨਾ ਦੇ ਪਿੰਡ ਸੰਧਵਾਂ (ਕੋਟਕਪੂਰਾ) ਅਤੇ 15 ਅਕਤੂਬਰ ਨੂੰ 11 ਵਜੇ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੀ ਸੰਗਰੂਰ ਰਿਹਾਇਸ਼ ਅੱਗੇ ਵਿਖਾਵੇ ਕੀਤੇ ਜਾਣਗੇ। ਮੀਟਿੰਗ ਨੇ ਸਖ਼ਤ ਰੋਸ ਪ੍ਰਗਟਾਵਾ ਕਰਦਿਆਂ ਕਿਹਾ ਕਿ ਤਲਵੰਡੀ ਸਲੇਮ ਦੇ ਸਰਪੰਚ ਖ਼ਿਲਾਫ਼ ਮਹੀਨਾ ਬੀਤ ਜਾਣ 'ਤੇ ਵੀ ਪਰਚਾ ਦਰਜ ਨਾ ਕਰਨ ਦੇ ਨਾਲ-ਨਾਲ ਆਏ ਦਿਨ ਪਾਸ਼-ਹੰਸ ਰਾਜ ਯਾਦਗਾਰੀ ਕੰਪਲੈਕਸ ਨੂੰ ਯਾਦਗਾਰ ਦੀ ਬਜਾਏ ਆਪਣੀ ਮਨਮਰਜ਼ੀ ਵਾਲੀ ਨਿੱਜੀ ਜਗੀਰ ਸਮਝ ਕੇ ਇਸ ਦਾ ਮੁਹਾਂਦਰਾ ਬਦਲਣ ਲਈ ਸਰਪੰਚ ਵੱਲੋਂ ਹਰ ਹਰਬਾ ਵਰਤਿਆ ਜਾ ਰਿਹਾ ਹੈ, ਜਿਸ ਨੂੰ ਤਲਵੰਡੀ ਸਲੇਮ ਦੇ ਨਗਰ ਨਿਵਾਸੀ ਅਤੇ ਪਾਸ਼-ਹੰਸ ਰਾਜ ਦੇ ਵਾਰਸ ਕਦਾਚਿਤ ਬਰਦਾਸ਼ਤ ਨਹੀਂ ਕਰਨਗੇ। ਮੀਟਿੰਗ ਨੇ ਜ਼ੋਰਦਾਰ ਮੰਗ ਕੀਤੀ ਕਿ ਅਜੇ ਵੀ ਵੇਲਾ ਹੈ ਕਿ ਨਕੋਦਰ ਪੁਲਸ ਅਤੇ ਸਿਵਲ ਪ੍ਰਸ਼ਾਸਨ ਵੱਲੋਂ ਤਲਵੰਡੀ ਸਲੇਮ ਦੇ ਸਰਪੰਚ ਪ੍ਰਦੀਪ ਖ਼ਿਲਾਫ਼ ਜਾਤੀ ਸੂਚਕ ਸ਼ਬਦ ਅਤੇ ਹਮਲਾ ਬੋਲਣ ਦਾ ਪਰਚਾ ਦਰਜ ਕੀਤਾ ਜਾਵੇ। ਸਰਪੰਚ ਵੱਲੋਂ ਆਨੇ-ਬਹਾਨੇ ਬਣਾ ਕੇ ਪਾਸ਼-ਹੰਸ ਰਾਜ ਯਾਦਗਾਰੀ ਕੰਪਲੈਕਸ ਉਪਰ ਨਜਾਇਜ਼ ਕਬਜ਼ਾ ਕਰਨ ਲਈ ਪੈਰ ਪੱਕੇ ਕਰਨ ਲਈ ਕੋਝੇ ਹੱਥਕੰਡੇ ਅਪਣਾਉਣੇ ਬੰਦ ਕੀਤੇ ਜਾਣ। ਪਾਸ਼-ਹੰਸ ਰਾਜ ਯਾਦਗਾਰੀ ਕੰਪਲੈਕਸ ਨੂੰ ਸ਼ਹੀਦਾਂ ਦੀ ਯਾਦਗਾਰ ਵਜੋਂ ਪੰਜਾਬ ਸਰਕਾਰ ਤੁਰੰਤ ਮਾਨਤਾ ਦੇਵੇ, ਜਿਨ੍ਹਾਂ ਮਿਹਨਤਕਸ਼ ਲੋਕਾਂ ਲਈ ਆਪਣੀਆਂ ਜ਼ਿੰਦਗੀਆਂ ਕੁਰਬਾਨ ਕੀਤੀਆਂ ਹਨ। ਮੀਟਿੰਗ 'ਚ ਲਛਮਣ ਸਿੰਘ ਸੇਵੇਵਾਲਾ, ਸੂਬਾ ਜਨਰਲ ਸਕੱਤਰ ਪੰਜਾਬ ਖੇਤ ਮਜ਼ਦੂਰ ਯੂਨੀਅਨ, ਹਰਮੇਸ਼ ਮਾਲੜੀ, ਸੂਬਾ ਵਿੱਤ ਸਕੱਤਰ, ਮੋਹਨ ਸਿੰਘ ਬੱਲ, ਕਨਵੀਨਰ ਪਾਸ਼-ਹੰਸ ਰਾਜ ਸ਼ਹੀਦੀ ਯਾਦਗਾਰ ਕਮੇਟੀ ਨਕੋਦਰ, ਪਾਵੇਲ ਕੁੱਸਾ,



• ਬਾਕੀ ਸਫਾ 2 'ਤੇ

ਨਵਾਂ ਜ਼ਮਾਨਾ
ਵੀਰਵਾਰ, 1 ਅਕਤੂਬਰ 2026

# ਸੜਕ ਸੁਰੱਖਿਆ ਵੀ ਵੱਡਾ ਮੁੱਦਾ

ਰੋਡ ਟਰਾਂਸਪੋਰਟ ਤੇ ਹਾਈਵੇਅ ਮੰਤਰਾਲੇ ਦੀ ਇੱਕ ਰਿਪੋਰਟ ਮੁਤਾਬਕ 2015 ਵਿੱਚ 5,06,000 ਹਾਦਸਿਆਂ ਵਿੱਚ 1,46,000 ਲੋਕਾਂ ਦੀ ਮੌਤ ਹੋਈ ਸੀ। 2026 ਵਿੱਚ, ਜੁਲਾਈ ਤੱਕ, 2,96,000 ਸੜਕ ਹਾਦਸਿਆਂ ਵਿੱਚ ਇੱਕ ਲੱਖ ਤੋਂ ਵੱਧ ਲੋਕ ਮਾਰੇ ਗਏ ਹਨ। ਸਾਲ ਦੇ ਅੰਤ ਤੱਕ ਇਹ ਅੰਕੜਾ ਦੋ ਲੱਖ ਤੱਕ ਪਹੁੰਚ ਸਕਦਾ ਹੈ। ਵਿਡੰਬਨਾ ਇਹ ਹੈ ਕਿ ਹਾਦਸਿਆਂ ਦੀ ਗਿਣਤੀ ਘਟ ਰਹੀ ਹੈ, ਪਰ ਮਰਨ ਵਾਲਿਆਂ ਦੀ ਗਿਣਤੀ ਤੇਜ਼ੀ ਨਾਲ ਵਧ ਰਹੀ ਹੈ। ਪ੍ਰਤੀ 100 ਹਾਦਸਿਆਂ ਵਿੱਚ ਮੌਤਾਂ ਦੀ ਗਿਣਤੀ ਹੁਣ 22 ਤੋਂ ਵਧ ਕੇ 36 ਹੋ ਗਈ ਹੈ।

ਹਾਲਾਂਕਿ ਸੜਕ ਹਾਦਸਿਆਂ ਦਾ ਸਭ ਤੋਂ ਵੱਡਾ ਕਾਰਨ (90 ਪ੍ਰਤੀਸ਼ਤ) ਮਨੁੱਖੀ ਗਲਤੀ ਮੰਨਿਆ ਜਾਂਦਾ ਹੈ, ਯਾਨੀ ਡਰਾਈਵਰ, ਜਿਸ ਵਿੱਚ 70 ਪ੍ਰਤੀਸ਼ਤ ਕਾਰਨ ਵਾਹਨ ਦੀ ਤੇਜ਼ ਰਫ਼ਤਾਰ ਹੈ। ਨਸ਼ਾ, ਲਾਪਰਵਾਹੀ, ਗਲਤ ਸਾਈਡ, ਓਵਰਟੇਕਿੰਗ, ਗਲਤ ਲੇਨ, ਮੋਬਾਈਲ 'ਤੇ ਗੱਲ ਕਰਨਾ, ਸੀਟ ਬੈਲਟ ਜਾਂ ਹੈਲਮੇਟ ਨਾ ਲਗਾਉਣਾ, ਸੜਕ ਦਾ ਖਰਾਬ ਡਿਜ਼ਾਈਨ, ਟੋਏ, ਟਾਇਰ ਫਟਣਾ, ਬ੍ਰੇਕ ਫੇਲ੍ਹ ਹੋਣਾ, ਓਵਰਲੋਡਿੰਗ ਅਤੇ ਟ੍ਰੈਫਿਕ ਨਿਯਮਾਂ ਨੂੰ ਨਾ ਜਾਣਨਾ ਜਾਂ ਜਾਣਨ ਦੇ ਬਾਵਜੂਦ ਉਨ੍ਹਾਂ ਦੀ ਪਾਲਣਾ ਨਾ ਕਰਨਾ ਹੋਰ ਕਾਰਨ ਹੁੰਦੇ ਹਨ। ਠੇਕੇਦਾਰਾਂ ਦਾ ਦਾਅਵਾ ਹੈ ਕਿ ਸੜਕ ਦੀ ਕੁਆਲਿਟੀ 'ਤੇ ਸਵਾਲ ਨਹੀਂ ਉਠਾਇਆ ਜਾ ਸਕਦਾ, ਕਿਉਂਕਿ ਟੈਂਡਰ ਪ੍ਰਾਪਤ ਕਰਨ ਤੋਂ ਲੈ ਕੇ ਪ੍ਰੋਜੈਕਟ ਨੂੰ ਪੂਰਾ ਕਰਨ ਤੱਕ, ਹਰ ਕਦਮ 'ਤੇ ਉਹ ਜੋ ਕਮਿਸ਼ਨ ਦਿੰਦੇ ਹਨ, ਉਹ ਹੁਣ 55 ਫੀਸਦੀ ਤੱਕ ਪਹੁੰਚ ਚੁੱਕੀ ਹੈ। ਕਰਨਾਟਕ ਦੀ ਠੇਕੇਦਾਰਾਂ ਦੀ ਜਥੇਬੰਦੀ ਨੇ ਇਸ ਬਾਰੇ ਕੇਂਦਰ ਸਰਕਾਰ ਨੂੰ ਵੀ ਸ਼ਿਕਾਇਤ ਕੀਤੀ ਸੀ, ਪਰ ਕੋਈ ਜਾਂਚ ਨਹੀਂ ਕੀਤੀ ਗਈ।

ਭਿਆਨਕ ਸੜਕ ਹਾਦਸਿਆਂ ਦੀਆਂ ਖਬਰਾਂ ਪੜ੍ਹਨ ਤੇ ਦੇਖਣ ਦੇ ਬਾਵਜੂਦ ਲੋਕ ਥੋੜ੍ਹਾ ਜਿਹਾ ਵੀ ਪਰੇਸ਼ਾਨ, ਉਦਾਸ ਜਾਂ ਹੈਰਾਨ ਨਹੀਂ ਹੁੰਦੇ। ਇਸ ਨੂੰ ਪਰਮਾਤਮਾ ਅਤੇ ਵਾਹਿਗੁਰੂ ਦੀ ਇੱਛਾ ਵਜੋਂ ਸਵੀਕਾਰ ਕਰਦੇ ਹੋਏ, ਆਮ ਵਾਂਗ ਆਪਣੇ ਕੰਮ 'ਤੇ ਲੱਗ ਜਾਂਦੇ ਹਨ। ਪੁਲਸ ਘਟਨਾ ਸਥਾਨ ਦਾ ਮੁਆਇਨਾ ਕਰਦੀ ਹੈ, ਕਿਸੇ ਅਣਜਾਣ ਵਿਅਕਤੀ ਜਾਂ ਕਿਸੇ ਖਾਸ ਵਿਅਕਤੀ ਵਿਰੁੱਧ ਰਿਪੋਰਟ ਦਰਜ ਕਰਦੀ ਹੈ ਅਤੇ ਜ਼ਖਮੀਆਂ ਨੂੰ ਹਸਪਤਾਲ ਵਿੱਚ ਸੌਂਪਦੀ ਹੈ ਅਤੇ ਮ੍ਰਿਤਕਾਂ ਨੂੰ ਪੋਸਟਮਾਰਟਮ ਜਾਂਚ ਜਾਂ ਪੰਚਨਾਮੇ ਤੋਂ ਬਾਅਦ ਉਨ੍ਹਾਂ ਦੇ ਪਰਵਾਰਾਂ ਨੂੰ ਸੌਂਪ ਦਿੰਦੀ ਹੈ। ਸਰਕਾਰ ਮ੍ਰਿਤਕਾਂ ਅਤੇ ਜ਼ਖਮੀਆਂ ਲਈ ਕੁਝ ਲੱਖ ਜਾਂ ਕੁਝ ਹਜ਼ਾਰ ਰੁਪਏ ਦੇ ਮੁਆਵਜ਼ੇ ਦਾ ਐਲਾਨ ਕਰਦੀ ਹੈ, ਜੋ ਅਕਸਰ ਅਦਾ ਨਹੀਂ ਕੀਤਾ ਜਾਂਦਾ। ਹਾਦਸਿਆਂ ਦੀ ਥਾਂ ਲੋਕ ਚੋਣਾਂ, ਰਾਜਨੀਤਕ, ਸੰਪਰਦਾਇਕ, ਧਾਰਮਿਕ, ਬਲਾਤਕਾਰ, ਕਤਲ, ਗਬਨ, ਆਨਲਾਈਨ ਧੋਖਾਧੜੀ ਅਤੇ ਅਗਵਾ ਦੀਆਂ ਖਬਰਾਂ 'ਤੇ ਧਿਆਨ ਕੇਂਦਰਤ ਕਰਦੇ ਹਨ, ਇਹ ਜਾਣਦੇ ਹੋਏ ਕਿ ਉਹ ਖੁਦ ਅਜਿਹੇ ਹਾਦਸਿਆਂ ਦਾ ਅਗਲਾ ਸ਼ਿਕਾਰ ਹੋ ਸਕਦੇ ਹਨ। ਚਾਹੇ ਉਹ ਅਖੌਤੀ ਐਕਸਪ੍ਰੈਸਵੇਅ ਹੋਣ, ਰਾਸ਼ਟਰੀ ਰਾਜਮਾਰਗ ਅਤੇ ਰਾਜਮਾਰਗ ਹੋਣ ਜਾਂ ਪਿੰਡਾਂ, ਕਸਬਿਆਂ ਅਤੇ ਜ਼ਿਲ੍ਹਾ ਹੈੱਡਕੁਆਰਟਰਾਂ ਵਿੱਚ ਸਥਾਨਕ ਸੰਸਥਾਵਾਂ ਵੱਲੋਂ ਬਣਾਈਆਂ ਗਈਆਂ ਸੜਕਾਂ, ਹਾਲਤ ਲੱਗਭੱਗ ਸਾਰੀਆਂ ਦੀ ਤਰਸਯੋਗ ਹੈ, ਪਰ ਟੋਲ ਵਸੂਲੀ ਜਾਰੀ ਹੈ। ਹਾਲਾਂਕਿ ਸਿਆਸਤਦਾਨ, ਮੰਤਰੀ ਅਤੇ ਅਧਿਕਾਰੀ ਸੜਕਾਂ ਦਾ ਉਦਘਾਟਨ ਕਰਦੇ ਸਮੇਂ ਦਾਅਵਾ ਕਰਦੇ ਹਨ ਕਿ ਉਹ ਵਿਸ਼ਵ ਪੱਧਰੀ ਹਨ, ਪਰ ਉਹ ਸੁਰੱਖਿਆ 'ਤੇ ਚੁੱਪ ਰਹਿੰਦੇ ਹਨ, ਕਿਉਂਕਿ ਸੁਰੱਖਿਆ ਦਾ ਉਨ੍ਹਾਂ ਦੀ ਤਰਜੀਹ ਵਿੱਚ ਕੋਈ ਖਾਸ ਸਥਾਨ ਨਹੀਂ ਹੁੰਦਾ।

ਭਾਰੀ ਟੈਕਸ ਵਸੂਲੀ ਦੇ ਬਾਵਜੂਦ ਲੋਕਾਂ ਨੂੰ ਹਰ ਰੋਜ਼ ਮਾੜੀਆਂ ਸੜਕਾਂ 'ਤੇ ਹਾਦਸਿਆਂ ਦਾ ਸਾਹਮਣਾ ਕਰਨ ਲਈ ਪਰਮਾਤਮਾ ਦੀ ਰਹਿਮਤ 'ਤੇ ਛੱਡ ਦਿੱਤਾ ਜਾਂਦਾ ਹੈ। ਜਦੋਂ ਤੱਕ ਲੋਕ ਚੋਣਾਂ ਵਿੱਚ ਸੜਕ ਹਾਦਸਿਆਂ ਨੂੰ ਨਾਗਰਿਕ ਸੁਰੱਖਿਆ ਦਾ ਇੱਕ ਵੱਡਾ ਮੁੱਦਾ ਨਹੀਂ ਬਣਾਉਂਦੇ, ਸਿਆਸਤਦਾਨਾਂ ਨੇ ਸੰਜੀਦਾ ਨਹੀਂ ਹੋਣਾ।

## ਵੈਲੀ ਚੋਟੀ ਦੇ !

ਬੋਲਬਾਲਾ ਹੈ ਚਾਰੇ ਪਾਸੇ ਖੀਰ ਖਾਣਿਆਂ ਦਾ,
ਆਮ ਲੋਕਾਂ ਨੂੰ ਲਾਲੇ ਪਏ ਨੇ ਦਾਲ ਤੇ ਰੋਟੀ ਦੇ।
ਲੋਕ ਸੇਵਾ ਲਈ ਘਰ ਤੋਂ ਸਾਰੇ ਉਠ ਕੇ ਜਾਂਦੇ ਨੇ,
ਬਣ ਜਾਂਦੇ ਮੁਹਤਾਜ ਨੇ ਸਾਰੇ ਬੋਟੀ-ਬੋਟੀ ਦੇ।
ਤੀਲ੍ਹੀ ਲਾ ਕੇ 'ਸਭ ਦੇ ਰਾਖੇ' ਔਹ ਜਾਂਦੇ,
ਝੁਲਸ ਜਾਂਦੇ ਨੇ ਬੰਦੇ ਜਿਹੜੇ ਕਿਸਮਤ ਖੋਟੀ ਦੇ।
ਫਾਰਮੂਲਾ ਤਾਂ ਬੜਾ ਟੇਢਾ ਹੈ ਦੁਨੀਆ ਦਾਰੀ ਦਾ,
ਖਲਕਤ 'ਤੇ ਕਰਦੇ ਰਾਜ ਨੇ ਵੈਲੀ ਚੋਟੀ ਦੇ।

-ਗੁਲਪੁਰ

# ਪ੍ਰਾਈਵੇਟ 'ਵਰਸਿਟੀਆਂ : ਸਿੱਖਿਆ ਦਾ ਵਪਾਰ, ਸੁਰੱਖਿਆ ਦੇ ਖੋਖਲੇ ਦਾਅਵੇ



ਗੁਰਮੀਤ ਸਿੰਘ ਪਲਾਹੀ

ਭਾਰਤ ਦੀ ਸੁਪਰੀਮ ਕੋਰਟ ਨੇ ਹਾਲ ਹੀ ਵਿੱਚ ਕੇਂਦਰ ਅਤੇ ਸੂਬਾ ਸਰਕਾਰਾਂ ਨੂੰ ਅਹਿਮ ਹਦਾਇਤਾਂ ਦਿੰਦਿਆਂ ਇਹ ਸਪੱਸ਼ਟ ਕੀਤਾ ਹੈ ਕਿ ਦੇਸ਼ ਵਿੱਚ ਪ੍ਰਾਈਵੇਟ ਯੂਨੀਵਰਸਿਟੀਆਂ ਲਾਭ ਕਮਾਉਣ ਵਾਲੀਆਂ ਸੰਸਥਾਵਾਂ (ਪ੍ਰੋਫਿਟ ਮੇਕਿੰਗ ਬਾਡੀਜ਼) ਵਜੋਂ ਕੰਮ ਨਹੀਂ ਕਰ ਸਕਦੀਆਂ। ਅਦਾਲਤ ਨੇ ਤਾਕੀਦ ਕੀਤੀ ਹੈ ਕਿ ਇਹਨਾਂ ਸੰਸਥਾਵਾਂ ਨੂੰ ਸਿਰਫ਼ ਅਤੇ ਸਿਰਫ਼ ਸਿੱਖਿਆ ਦੇ ਪ੍ਰਚਾਰ-ਪ੍ਰਸਾਰ ਅਤੇ ਲੋਕ ਸੇਵਾ ਲਈ ਹੀ ਕੰਮ ਕਰਨ ਦੀ ਆਗਿਆ ਦਿੱਤੀ ਜਾਣੀ ਚਾਹੀਦੀ ਹੈ।

ਦੋ ਜੱਜਾਂ ਦੇ ਬੈਂਚ ਨੇ ਇਹ ਵੀ ਅਹਿਮ ਟਿੱਪਣੀ ਕੀਤੀ ਹੈ ਕਿ ਇਹਨਾਂ ਯੂਨੀਵਰਸਿਟੀਆਂ ਦੇ ਬੋਰਡ ਆਫ਼ ਡਾਇਰੈਕਟਰਾਂ ਨੂੰ ਮੋਟੀਆਂ ਤਨਖਾਹਾਂ ਜਾਂ ਲਾਭਅੰਸ਼ ਨਹੀਂ ਦਿੱਤੇ ਜਾ ਸਕਦੇ ਅਤੇ ਨਾ ਹੀ ਫੰਡਾਂ ਦੀ ਕੋਈ ਹੇਰ-ਫੇਰ ਕੀਤੀ ਜਾ ਸਕਦੀ ਹੈ। ਸੁਪਰੀਮ ਕੋਰਟ ਨੇ ਦੇਸ਼ ਭਰ ਦੀਆਂ ਸਰਕਾਰਾਂ ਨੂੰ ਹਦਾਇਤ ਦਿੱਤੀ ਹੈ ਕਿ ਉਹ ਇਹਨਾਂ ਯੂਨੀਵਰਸਿਟੀਆਂ ਦੇ ਪਿਛਲੇ ਪੰਜ ਸਾਲਾਂ ਦੇ ਵਿੱਤੀ ਆਡਿਟ, ਫੀਸ ਢਾਂਚੇ ਅਤੇ ਸਰਕਾਰ ਤੋਂ ਮਿਲੀਆਂ ਰਿਆਇਤਾਂ ਦਾ ਪੂਰਾ ਹਿਸਾਬ ਲੈ ਕੇ ਅਦਾਲਤ ਸਾਹਮਣੇ ਪੇਸ਼ ਕਰਨ, ਪਰ ਸਵਾਲ ਇਹ ਪੈਦਾ ਹੁੰਦਾ ਹੈ ਕਿ ਕੀ ਸੱਚਮੁੱਚ ਪ੍ਰਾਈਵੇਟ ਖੇਤਰ ਦੀਆਂ ਯੂਨੀਵਰਸਿਟੀਆਂ ਵਿਦਿਆਰਥੀਆਂ ਨੂੰ ਚੰਗੀ ਪੜ੍ਹਾਈ ਅਤੇ ਉੱਚੀ ਸਿੱਖਿਆ ਦੇਣ ਦੇ ਨਾਂਅ 'ਤੇ ਸੇਵਾ ਕਾਰਜ ਕਰ ਰਹੀਆਂ ਹਨ? ਘੱਟੋ-ਘੱਟ ਪੰਜਾਬ ਵਿੱਚ ਖੁੱਲ੍ਹੀਆਂ ਇਹੋ ਜਿਹੀਆਂ ਯੂਨੀਵਰਸਿਟੀਆਂ ਦੀ ਕਾਰਗੁਜ਼ਾਰੀ ਉੱਤੇ ਤਾਂ ਅੱਜ ਵੱਡੇ ਸਵਾਲ ਖੜ੍ਹੇ ਹੋ ਰਹੇ ਹਨ।

ਜਿਸ ਢੰਗ ਨਾਲ ਇਹਨਾਂ ਅਦਾਰਿਆਂ ਵੱਲੋਂ ਬੱਚਿਆਂ ਅਤੇ ਉਹਨਾਂ ਦੇ ਮਾਪਿਆਂ ਤੋਂ ਮੋਟੀਆਂ ਫੀਸਾਂ ਉਗਰਾਹੀਆਂ ਜਾਂਦੀਆਂ ਹਨ, ਉਹ ਸਿੱਖਿਆ ਦੇ ਵਪਾਰੀਕਰਨ ਦੀ ਪ੍ਰਤੱਖ ਮਿਸਾਲ ਹੈ। ਵਿਦਿਆਰਥੀਆਂ ਨੂੰ ਆਧੁਨਿਕ ਸਹੂਲਤਾਂ ਦੇਣ ਦੇ ਨਾਂਅ ਹੇਠ ਹੋਸਟਲਾਂ ਦੀਆਂ ਬੇਤਹਾਸ਼ਾ ਫੀਸਾਂ ਬਣਾ ਲਈਆਂ ਜਾਂਦੀਆਂ ਹਨ। ਦਾਖ਼ਲਾ ਫੀਸਾਂ ਤੋਂ ਇਲਾਵਾ ਡਿਵੈੱਲਪਮੈਂਟ ਫੰਡ, ਸੱਭਿਆਚਾਰਕ ਸਮਾਗਮਾਂ ਅਤੇ ਹੋਰ ਬਹਾਨਿਆਂ ਹੇਠ ਵਾਧੂ ਪੈਸੇ ਬਟੋਰੇ ਜਾਂਦੇ ਹਨ। ਇੱਥੋਂ ਤੱਕ ਕਿ ਕੈਂਪਸਾਂ ਦੇ ਅੰਦਰ ਵੱਡੇ-ਵੱਡੇ ਸ਼ਾਪਿੰਗ ਮਾਲ, ਵਪਾਰਕ ਸ਼ੋਅਰੂਮ ਅਤੇ ਫੂਡ ਕੋਰਟ ਖੋਲ੍ਹ ਦਿੱਤੇ ਗਏ ਹਨ, ਜਿੱਥੋਂ ਵਿਦਿਆਰਥੀਆਂ ਦੀਆਂ ਜੇਬਾਂ ਖਾਲੀ ਕਰਵਾਈਆਂ ਜਾਂਦੀਆਂ ਹਨ।

ਇਹਨਾਂ ਹੀ ਦਿਨਾਂ ਵਿੱਚ ਪੰਜਾਬ ਦੀਆਂ ਦੋ ਪ੍ਰਮੁੱਖ ਪ੍ਰਾਈਵੇਟ ਯੂਨੀਵਰਸਿਟੀਆਂ- ਚਿਤਕਾਰਾ ਅਤੇ ਐੱਲ ਪੀ ਯੂ ਵਿੱਚ ਵਿਦਿਆਰਥੀਆਂ ਦੀ ਸੁਰੱਖਿਆ ਅਤੇ ਅੰਦਰੂਨੀ ਮਾਹੌਲ ਸੰਬੰਧੀ ਵਾਪਰੀਆਂ ਮੰਦਭਾਗੀਆਂ ਘਟਨਾਵਾਂ ਨੇ ਇਹਨਾਂ ਦੇ ਪ੍ਰਬੰਧਾਂ ਦੀ ਪੋਲ ਖੋਲ੍ਹ ਕੇ ਰੱਖ ਦਿੱਤੀ ਹੈ। ਵੇਖਣ ਵਾਲੀ ਗੱਲ ਤਾਂ ਇਹ ਹੈ ਕਿ ਇਹਨਾਂ ਯੂਨੀਵਰਸਿਟੀਆਂ ਕੋਲ ਆਪਣਾ ਵਿਸ਼ਾਲ ਸੁਰੱਖਿਆ ਪ੍ਰਬੰਧ ਹੁੰਦਾ ਹੈ, ਨਿੱਜੀ ਬਾਊਂਸਰ ਅਤੇ ਸੁਰੱਖਿਆ ਗਾਰਡ ਤਾਇਨਾਤ ਹੁੰਦੇ ਹਨ, ਪਰ ਇਸ ਦੇ ਬਾਵਜੂਦ ਕੈਂਪਸ ਦੇ ਅੰਦਰ ਅਜਿਹੀਆਂ ਗੰਭੀਰ ਘਟਨਾਵਾਂ ਦਾ ਵਾਪਰ ਜਾਣਾ, ਆਤਮ-ਹੱਤਿਆ ਜਾਂ ਜਬਰ ਜ਼ਨਾਹ ਦੀਆਂ ਅਫ਼ਵਾਹਾਂ ਦਾ ਫੈਲਣਾ ਇਹਨਾਂ ਦੇ ਦਾਅਵਿਆਂ ਨੂੰ ਕੱਚੇ-ਚਿੱਠੇ ਵਾਂਗ ਨੰਗਾ ਕਰਦਾ ਹੈ। ਜਦੋਂ ਕੈਂਪਸ ਅੰਦਰ ਵਿਦਿਆਰਥੀਆਂ ਦੀ ਸੁਰੱਖਿਆ ਹੀ ਖ਼ਤਰੇ ਵਿੱਚ ਪੈ ਜਾਵੇ, ਤਾਂ ਲੱਖਾਂ ਰੁਪਏ ਦੀਆਂ ਫੀਸਾਂ ਅਤੇ ਵੱਡੇ-ਵੱਡੇ ਦਾਅਵਿਆਂ ਦਾ ਕੀ ਅਰਥ ਰਹਿ ਜਾਂਦਾ ਹੈ?

ਇਹਨਾਂ ਯੂਨੀਵਰਸਿਟੀਆਂ ਵਿੱਚ ਪੜ੍ਹਾ ਰਹੇ ਅਧਿਆਪਕਾਂ, ਖੋਜਾਰਥੀਆਂ ਅਤੇ ਹੋਰ ਮੁਲਾਜ਼ਮਾਂ ਲਈ ਵੀ ਮਾਹੌਲ ਬਹੁਤ ਸੁਖਾਵਾਂ ਨਹੀਂ ਹੈ। ਉਹਨਾਂ ਨੂੰ ਦਿੱਤੀਆਂ ਜਾਂਦੀਆਂ ਤਨਖਾਹਾਂ ਅਤੇ ਸਰਵਿਸ ਸ਼ਰਤਾਂ ਅਕਸਰ ਸ਼ੋਸ਼ਣਕਾਰੀ ਹੁੰਦੀਆਂ ਹਨ। ਯੂ ਜੀ ਸੀ ਦੇ ਨਿਯਮਾਂ ਅਨੁਸਾਰ ਪੂਰੀਆਂ ਤਨਖਾਹਾਂ ਦੇਣ ਦੇ ਕਾਗਜ਼ੀ ਦਾਅਵੇ ਤਾਂ ਕੀਤੇ ਜਾਂਦੇ ਹਨ, ਪਰ ਅਸਲ ਵਿੱਚ ਅਧਿਆਪਕਾਂ ਤੋਂ ਜ਼ਿਆਦਾ ਕੰਮ ਲੈ ਕੇ ਘੱਟ ਮਿਹਨਤਾਨਾ ਦਿੱਤਾ ਜਾਂਦਾ ਹੈ। ਉੱਚ ਪ੍ਰਬੰਧਕਾਂ ਅਤੇ ਬੌਸਾਂ ਦਾ ਰਵੱਈਆ ਮੁਲਾਜ਼ਮਾਂ ਅਤੇ ਵਿਦਿਆਰਥੀਆਂ ਨਾਲ ਕਿਹੋ ਜਿਹਾ ਹੁੰਦਾ ਹੈ, ਇਹ ਕਿਸੇ ਤੋਂ ਛੁਪਿਆ ਨਹੀਂ। ਵਿਦਿਆਰਥੀਆਂ ਨੂੰ ਲੁਭਾਉਣ ਲਈ ਨਵੇਂ-ਨਵੇਂ ਲਾਹੇਵੰਦ ਲੱਗਣ ਵਾਲੇ ਕੋਰਸ ਸ਼ੁਰੂ ਕੀਤੇ ਜਾਂਦੇ ਹਨ, ਚਾਹੇ ਉਹਨਾਂ ਦੀ ਭਵਿੱਖ ਵਿੱਚ ਕੋਈ ਵਿਹਾਰਕ ਲੋੜ ਜਾਂ ਰੋਜ਼ਗਾਰ ਦੀ ਗਾਰੰਟੀ ਹੋਵੇ ਜਾਂ ਨਾ, ਪਰ ਇਹ ਪੈਸੇ ਬਣਾਉਣ ਦਾ ਨਵਾਂ ਸਾਧਨ ਜ਼ਰੂਰ ਬਣ ਜਾਂਦੇ ਹਨ। ਵਿਸਥਾਰ ਦੇ ਨਾਂਅ 'ਤੇ ਕਰੋੜਾਂ ਰੁਪਏ ਦੀਆਂ ਜ਼ਮੀਨਾਂ ਖਰੀਦੀਆਂ ਜਾਂਦੀਆਂ ਹਨ, ਵਪਾਰਕ ਗਤੀਵਿਧੀਆਂ ਵਧਾਈਆਂ ਜਾਂਦੀਆਂ ਹਨ ਅਤੇ ਵਿਦਿਆਰਥੀਆਂ ਨੂੰ ਧੜਾਧੜ ਡਿਗਰੀਆਂ ਵੰਡੀਆਂ ਜਾਂਦੀਆਂ ਹਨ। ਕੀ ਇਹੋ ਜਿਹੀਆਂ ਡਿਗਰੀਆਂ ਵਿਦਿਆਰਥੀਆ 'ਚ ਅਸੰਤੋਸ਼ ਪੈਦਾ ਕਰਨ ਦਾ ਸਾਧਨ ਨਹੀਂ ਬਣਦੀਆਂ?

ਇਹਨਾਂ ਪ੍ਰਾਈਵੇਟ ਅਦਾਰਿਆਂ ਵਿੱਚ ਨਵੇਂ ਕੋਰਸ ਖੋਲ੍ਹਣ ਲਈ ਮਾਨਤਾ ਦੇਣ ਵਾਲੀਆਂ ਕੇਂਦਰੀ ਤੇ ਰਾਜ ਪੱਧਰੀ ਏਜੰਸੀਆਂ ਅਤੇ ਇੰਸਪੈਕਟਰਾਂ ਦੀ ਮਹਿਮਾਨਨਵਾਜ਼ੀ ਅਤੇ 'ਸੇਵਾ' ਕਰਨ ਦੀਆਂ ਖ਼ਬਰਾਂ ਵੀ ਅਕਸਰ ਚਰਚਾ ਵਿੱਚ ਰਹਿੰਦੀਆਂ ਹਨ। ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼ ਅਤੇ ਹੋਰ ਸੂਬਿਆਂ ਵਿੱਚ ਫਾਰਮੇਸੀ, ਨਰਸਿੰਗ, ਮੈਡੀਕਲ, ਇੰਜੀਨੀਅਰਿੰਗ ਅਤੇ ਲਾਅ ਵਰਗੇ ਕੋਰਸਾਂ ਦੀ ਮਾਨਤਾ ਲਈ ਜੋ 'ਅੰਡਰ ਦ ਟੇਬਲ' ਖੇਡਾਂ ਖੇਡੀਆਂ ਜਾਂਦੀਆਂ ਹਨ, ਕੋਰਸ ਦਾ ਬੁਨਿਆਦੀ ਢਾਂਚਾ ਪੂਰਾ ਨਹੀਂ ਹੁੰਦਾ। ਕਈ ਹਾਲਤਾਂ 'ਚ ਇੰਸਪੈਕਸ਼ਨ ਵੇਲੇ ਸਮਾਨ ਮੰਗਵਾ ਲਿਆ ਜਾਂਦਾ ਹੈ। ਇਥੋਂ ਤੱਕ ਕਿ ਮਿਆਰੀ ਟੀਚਰ ਵੀ ਪੂਰੇ ਨਹੀਂ ਹੁੰਦੇ, ਪਰ ਪੈਸੇ ਦੇ ਜ਼ੋਰ ਨਾਲ ਕੋਰਸ ਨੂੰ ਮਾਨਤਾ ਦੇ ਦਿੱਤੀ ਜਾਂਦੀ ਹੈ। ਉਹਨਾਂ ਦਾ ਖਮਿਆਜ਼ਾ ਅੰਤ ਵਿੱਚ ਵਿਦਿਆਰਥੀਆਂ ਨੂੰ ਵੱਡੀਆਂ ਫ਼ੀਸਾਂ ਦੇ ਰੂਪ ਵਿੱਚ ਭਰਨਾ ਪੈਂਦਾ ਹੈ।

ਇਹ ਇਲਜ਼ਾਮ ਹੈ ਕਿ ਨਾਕਸ ਅੰਦਰੂਨੀ ਪ੍ਰਬੰਧਾਂ ਕਾਰਨ ਜਦੋਂ ਯੂਨੀਵਰਸਿਟੀਆਂ ਵਿੱਚ ਖੁਦਕੁਸ਼ੀਆਂ, ਹਿੰਸਾ ਜਾਂ ਹੋਰ ਅਣਸੁਖਾਵੀਆਂ ਘਟਨਾਵਾਂ ਵਾਪਰਦੀਆਂ ਹਨ, ਤਾਂ ਸਥਾਨਕ ਜ਼ਿਲ੍ਹਾ ਪ੍ਰਸ਼ਾਸਨ ਅਤੇ ਪੁਲਸ ਨੂੰ ਸਮੇਂ ਸਿਰ ਸੂਚਿਤ ਕਰਨ ਦੀ ਬਜਾਏ ਮਾਮਲੇ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਯੂਨੀਵਰਸਿਟੀਆਂ ਦੀ ਆਪਣੀ 'ਸਾਖ' ਬਚਾਉਣ ਲਈ ਘਟਨਾ ਸਥਾਨ ਤੋਂ ਤੱਥਾਂ ਨੂੰ ਛੁਪਾਉਣ ਦੇ ਦੋਸ਼ ਵੀ ਲੱਗਦੇ ਰਹੇ ਹਨ। ਵਿਦਿਆਰਥੀਆਂ ਤੋਂ ਲੱਖਾਂ ਰੁਪਏ ਵਸੂਲਣ ਦੇ ਬਾਵਜੂਦ ਕੈਂਪਸ ਦੇ ਅੰਦਰ ਉੱਚ ਦਰਜੇ ਦੀਆਂ ਮੁਕੰਮਲ ਡਾਕਟਰੀ ਅਤੇ ਐਮਰਜੈਂਸੀ ਸਹੂਲਤਾਂ ਦੀ ਭਾਰੀ ਘਾਟ ਹੁੰਦੀ ਹੈ। ਐਮਰਜੈਂਸੀ ਹਾਲਤ ਵਿੱਚ ਵਿਦਿਆਰਥੀਆਂ ਨੂੰ ਬਾਹਰੀ ਹਸਪਤਾਲਾਂ ਵੱਲ ਭੱਜਣਾ ਪੈਂਦਾ ਹੈ, ਜਦਕਿ ਬੈਂਕਾਂ, ਏ ਟੀ ਐੱਮ ਅਤੇ ਸ਼ੋਪਿੰਗ ਆਊਟਲੈਟਾਂ ਵਰਗੇ ਵਪਾਰਕ ਅਦਾਰੇ ਅੰਦਰ ਪੂਰੀ ਸ਼ਾਨੋ-ਸ਼ੌਕਤ ਨਾਲ ਚੱਲਦੇ ਹਨ।

ਹੈਰਾਨੀ ਇਸ ਗੱਲ ਦੀ ਹੁੰਦੀ ਹੈ ਕਿ ਇਹਨਾਂ ਯੂਨੀਵਰਸਿਟੀਆਂ ਦੇ ਕਾਨਵੋਕੇਸ਼ਨ ਜਾਂ ਸਾਲਾਨਾ ਸਮਾਗਮਾਂ ਵਿੱਚ ਦੇਸ਼ ਦੇ ਵੱਡੇ-ਵੱਡੇ ਨੇਤਾ, ਮੰਤਰੀ, ਇੱਥੋਂ ਤੱਕ ਕਿ ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਤੱਕ ਸ਼ਿਰਕਤ ਕਰਦੇ ਹਨ। ਅਜਿਹੇ ਵੀ ਆਈ ਪੀ ਸਮਾਗਮਾਂ ਰਾਹੀਂ ਇਹ ਯੂਨੀਵਰਸਿਟੀਆਂ ਸਮਾਜ ਅਤੇ ਪ੍ਰਸ਼ਾਸਨ ਵਿੱਚ ਆਪਣੀ ਧਾਕ ਜਮਾਉਂਦੀਆਂ ਹਨ। ਇਹਨਾਂ ਅਦਾਰਿਆਂ ਦੇ ਮਾਲਕ ਜਾਂ ਤਾਂ ਖੁਦ ਵੱਡੀਆਂ ਸਿਆਸੀ ਪਾਰਟੀਆਂ ਦੇ ਰਸੂਖਦਾਰ ਨੇਤਾ ਹਨ ਜਾਂ ਫਿਰ ਸਿਆਸੀ ਗਲਿਆਰਿਆਂ ਵਿੱਚ ਡੂੰਘੀ ਪਹੁੰਚ ਰੱਖਦੇ ਹਨ। ਅਜਿਹੇ ਵਿੱਚ ਇਹ ਸਵਾਲ ਉੱਠਣਾ ਕੁਦਰਤੀ ਹੈ ਕਿ ਕੀ ਪ੍ਰਾਈਵੇਟ ਯੂਨੀਵਰਸਿਟੀਆਂ ਹੁਣ ਸਿੱਖਿਆ ਦੇ ਮੰਦਰ ਦੀ ਬਜਾਏ ਸਿਆਸੀ ਅਤੇ ਵਪਾਰਕ ਲੋਕਾਂ ਦਾ ਅੱਡਾ ਬਣ ਕੇ ਰਹਿ ਗਈਆਂ ਹਨ? ਕੀ ਇਹ ਡਿਗਰੀਆਂ ਵੇਚਣ ਅਤੇ ਮਾਪਿਆਂ ਦੀ ਉਮਰ ਭਰ ਦੀ ਕਮਾਈ ਹਥਿਆਉਣ ਦਾ ਇੱਕ ਸੁਚੱਜਾ ਨੈੱਟਵਰਕ ਬਣ ਚੁੱਕਾ ਹੈ? ਵੇਖਣਾ ਤਾਂ ਇਹ ਵੀ ਹੋਵੇਗਾ ਕਿ ਇਹ ਪ੍ਰਾਈਵੇਟ ਯੂਨੀਵਰਸਿਟੀਆਂ ਕਿੰਨੀਆਂ ਨਵੀਆਂ ਖੋਜਾਂ ਕਰ ਰਹੀਆਂ ਹਨ? ਕਿੰਨੇ ਸਾਇੰਸਦਾਨ ਪੈਦਾ ਕਰ ਰਹੀਆਂ ਹਨ? ਉਂਜ ਹੈਰਾਨੀ ਨਹੀਂ ਹੁੰਦੀ ਕਿ ਹਜ਼ਾਰਾਂ ਪੀ ਐੱਚ ਡੀ ਕਰਨ ਵਾਲੇ ਵਿਦਿਆਰਥੀ ਇਹਨਾਂ ਯੂਨੀਵਰਸਿਟੀਆਂ ਦੀ ਉਪਜ ਹਨ, ਜਿਹਨਾਂ ਨੂੰ ਕਦੇ ਵੀ ਅਕਾਦਮਿਕ ਖੇਤਰ ਵਿੱਚ ਮਿਆਰੀ ਨਹੀਂ ਗਿਣਿਆ ਜਾਂਦਾ। ਸਿੱਖਿਆ ਕਿਸੇ ਵੀ ਸਮਾਜ ਦੀ ਰੀੜ੍ਹ ਦੀ ਹੱਡੀ ਹੁੰਦੀ ਹੈ। ਜੇਕਰ ਸਿੱਖਿਆ ਹੀ ਵਪਾਰ ਬਣ ਜਾਵੇਗੀ ਤਾਂ ਗਰੀਬ ਅਤੇ ਮੱਧਮ ਵਰਗ ਦੇ ਹੁਸ਼ਿਆਰ ਬੱਚੇ ਉੱਚ ਸਿੱਖਿਆ ਤੋਂ ਵਾਂਝੇ ਰਹਿ ਜਾਣਗੇ। ਪ੍ਰਾਈਵੇਟ ਯੂਨੀਵਰਸਿਟੀਆਂ ਵੱਲੋਂ ਅੰਨ੍ਹੇਵਾਹ ਵਧਾਈਆਂ ਜਾ ਰਹੀਆਂ ਫੀਸਾਂ ਨੇ ਆਮ ਪਰਵਾਰਾਂ ਦਾ ਲੱਕ ਤੋੜ ਕੇ ਰੱਖ ਦਿੱਤਾ ਹੈ।

ਸੁਪਰੀਮ ਕੋਰਟ ਦਾ ਇਹ ਤਾਜ਼ਾ ਰੁਖ ਕੇਂਦਰ ਅਤੇ ਰਾਜ ਸਰਕਾਰਾਂ ਲਈ ਇੱਕ ਵੱਡੀ ਚੇਤਾਵਨੀ ਹੈ। ਸਰਕਾਰਾਂ ਨੂੰ ਚਾਹੀਦਾ ਹੈ ਕਿ ਉਹ ਇਹਨਾਂ ਪ੍ਰਾਈਵੇਟ ਯੂਨੀਵਰਸਿਟੀਆਂ ਦੀ ਮਨਮਾਨੀ 'ਤੇ ਠੱਲ੍ਹ ਪਾਉਣ ਲਈ ਇੱਕ ਮਜ਼ਬੂਤ ਰੈਗੂਲੇਟਰੀ ਅਥਾਰਟੀ ਦਾ ਗਠਨ ਕਰਨ। ਫੀਸਾਂ ਦਾ ਢਾਂਚਾ ਪਾਰਦਰਸ਼ੀ ਅਤੇ ਸੀਮਤ ਕੀਤਾ ਜਾਵੇ, ਅਧਿਆਪਕਾਂ ਦੇ ਸ਼ੋਸ਼ਣ ਨੂੰ ਰੋਕਣ ਲਈ ਸਖ਼ਤ ਨਿਯਮ ਬਣਾਏ ਜਾਣ ਅਤੇ ਕੈਂਪਸਾਂ ਦੇ ਅੰਦਰ ਵਿਦਿਆਰਥੀਆਂ ਦੀ ਸੁਰੱਖਿਆ ਤੇ ਵਿੱਦਿਆ ਦੇ ਮਿਆਰ ਨੂੰ ਯਕੀਨੀ ਬਣਾਇਆ ਜਾਵੇ। ਇਸ ਤੋਂ ਇਲਾਵਾ ਸਰਕਾਰੀ ਯੂਨੀਵਰਸਿਟੀਆਂ ਅਤੇ ਕਾਲਜਾਂ ਦੇ ਬਜਟ ਵਿੱਚ ਵਾਧਾ ਕੀਤਾ ਜਾਵੇ। ਆਮ ਲੋਕਾਂ ਨੂੰ ਪ੍ਰਾਈਵੇਟ ਅਦਾਰਿਆਂ ਦੀ ਲੁੱਟ ਦਾ ਸ਼ਿਕਾਰ ਨਾ ਹੋਣਾ ਪਵੇ। ਜੇਕਰ ਹੁਣ ਵੀ ਲਗਾਮ ਨਾ ਕੱਸੀ ਗਈ ਤਾਂ ਸਿੱਖਿਆ ਦਾ ਇਹ ਵਪਾਰੀਕਰਨ ਆਮ ਲੋਕਾਂ ਦੀਆਂ ਜੇਬਾਂ ਨੂੰ ਰੋਲ਼ਦਾ ਰਹੇਗਾ ਅਤੇ ਸਾਡੀ ਨੌਜਵਾਨ ਪੀੜ੍ਹੀ ਦੇ ਭਵਿੱਖ ਨਾਲ ਖਿਲਵਾੜ ਹੁੰਦਾ ਰਹੇਗਾ।

# ਸੰਪਰਕ : 98158-02070

# ਸੋਸ਼ਲ ਮੀਡੀਆ ਦੀ ਸਮਝਦਾਰੀ ਨਾਲ ਵਰਤੋਂ ਕਰੋ

ਕੁਲਬੀਰ ਸ਼ਰਮਾ

ਜਿਸ ਤਕਨਾਲੋਜੀ ਨੂੰ ਮਨੁੱਖੀ ਜ਼ਿੰਦਗੀ ਨੂੰ ਸੁਖਾਲਾ ਬਣਾਉਣ ਅਤੇ ਦੂਰੀਆਂ ਮਿਟਾਉਣ ਲਈ ਬਣਾਇਆ ਗਿਆ ਸੀ, ਅੱਜ ਉਹੀ ਸੋਸ਼ਲ ਮੀਡੀਆ ਸਾਡੇ ਸਮਾਜ ਲਈ ਇੱਕ ਡਰਾਉਣਾ ਅਤੇ ਜ਼ਹਿਰੀਲਾ ਜਾਲ ਬਣ ਚੁੱਕਾ ਹੈ। ਜਿਸ ਦਲਦਲ ਵਿੱਚ ਅਸੀਂ ਆਪੇ ਛਾਲ ਮਾਰੀ ਹੈ, ਉਸ ਵਿੱਚੋਂ ਨਿਕਲਣ ਦਾ ਰਸਤਾ ਹੁਣ ਕਿਸੇ ਨੂੰ ਨਹੀਂ ਲੱਭ ਰਿਹਾ। ਅੱਜ ਹਾਲਾਤ ਇਹ ਬਣ ਚੁੱਕੇ ਹਨ ਕਿ ਇੱਕ ਗਲਤ ਪੋਸਟ, ਇੱਕ ਅਪਮਾਨਜਨਕ ਵੀਡੀਓ ਜਾਂ ਇੱਕ ਗੰਦਾ ਕੁਮੈਂਟ ਕਿਸੇ ਪਰਿਵਾਰ ਦੀ ਪੀੜ੍ਹੀਆਂ ਤੋਂ ਕਮਾਈ ਇੱਜ਼ਤ ਅਤੇ ਸ਼ਰਾਫ਼ਤ ਨੂੰ ਪਲਾਂ ਵਿੱਚ ਮਿੱਟੀ ਵਿੱਚ ਮਿਲਾ ਦਿੰਦਾ ਹੈ। ਅਸੀਂ ਲਾਈਕਸ, ਵਧਦੇ ਫਾਲੋਅਰਜ਼ ਅਤੇ ਕੁਝ ਮਿੰਟਾਂ ਦੀ ਨਕਲੀ ਪ੍ਰਸਿੱਧੀ ਦੇ ਐਸੇ ਅੰਨ੍ਹੇ ਦੌਰ ਵਿੱਚ ਜੀਅ ਰਹੇ ਹਾਂ, ਜਿੱਥੇ ਸਹੀ ਅਤੇ ਗਲਤ ਦਾ ਫਰਕ ਪੂਰੀ ਤਰ੍ਹਾਂ ਮਿਟ ਚੁੱਕਾ ਹੈ।

ਕਦੇ ਸਮਾਂ ਸੀ, ਜਦੋਂ ਘਰ ਦੀ ਚਾਰਦੀਵਾਰੀ ਅਤੇ ਆਪਣੀ ਨਿੱਜੀ ਜ਼ਿੰਦਗੀ ਨੂੰ ਇੱਕ ਪਰਦਾ ਮੰਨਿਆ ਜਾਣਾ ਸੀ, ਪਰ ਅੱਜ ਸ਼ੋਰਟਸ ਅਤੇ ਰੀਲ੍ਹਾਂ ਦੇ ਇਸ ਬੁਖ਼ਾਰ ਨੇ ਅਜਿਹਾ ਪਾਗਲਪਣ ਪੈਦਾ ਕਰ ਦਿੱਤਾ ਹੈ ਕਿ ਲੋਕਾਂ ਨੇ ਆਪਣੇ ਬੈੱਡਰੂਮਾਂ ਤੱਕ ਦੀਆਂ ਵੀਡੀਓਜ਼ ਬਣਾ ਕੇ ਆਨਲਾਈਨ ਅੱਪਲੋਡ ਕਰਨੀਆਂ ਸ਼ੁਰੂ ਕਰ ਦਿੱਤੀਆਂ ਹਨ। ਸਾਡੀ ਆਪਣੀ ਪ੍ਰਾਈਵੇਸੀ (ਨਿੱਜਤਾ) ਹੁਣ ਸਾਡੇ ਹੱਥਾਂ ਵਿੱਚ ਹੀ ਨਹੀਂ ਰਹੀ। ਬੱਚੇ ਤੋਂ ਲੈ ਕੇ ਵੱਡੇ ਤੱਕ, ਹਰ ਕੋਈ ਆਪਣੇ ਘਰ ਦੇ ਸੁੱਖ-ਦੁੱਖ ਅਤੇ ਨਿੱਜੀ ਪਲਾਂ ਨੂੰ ਵਲੌਗਸ ਦੇ ਨਾਂ 'ਤੇ ਤਮਾਸ਼ਾ ਬਣਾ ਰਿਹਾ ਹੈ। ਅੱਜ ਦਾ ਨੌਜਵਾਨ ਮਹਿਜ਼ ਕੁਝ 'ਵਿਊਜ਼' ਦੀ ਖ਼ਾਤਰ ਆਪਣੇ ਅਸਲ ਪਹਿਰਾਵੇ, ਆਪਣੇ ਸੰਸਕਾਰਾਂ ਅਤੇ ਸੱਭਿਆਚਾਰ ਨੂੰ ਲਾਂਭੇ ਕਰਕੇ ਨੰਗੇਪਣ ਅਤੇ ਬਿਨਾਂ ਸੋਚੇ-ਸਮਝੇ ਪੱਛਮੀ ਰੁਝਾਨਾਂ ਦੇ ਪਿੱਛੇ ਦੌੜਨ ਲੱਗ ਪਿਆ ਹੈ। ਆਕਰਸ਼ਕ ਦਿੱਖਣ ਅਤੇ ਫੇਮਸ ਹੋਣ ਦੀ ਇਸ ਹੱਦਹੀਣ ਦੌੜ ਵਿੱਚ ਅਸੀਂ ਆਪਣੇ ਅਸੂਲ ਤੱਕ ਵੇਚ ਦਿੱਤੇ ਹਨ।



ਸੋਸ਼ਲ ਮੀਡੀਆ ਦਾ ਕੁਮੈਂਟ ਸੈਕਸ਼ਨ ਅੱਜ ਅਜਿਹਾ ਜ਼ਹਿਰੀਲਾ ਅੱਡਾ ਬਣ ਚੁੱਕਾ ਹੈ, ਜਿੱਥੇ ਨਾ ਕੋਈ ਵੱਡਾ ਦੇਖਿਆ ਜਾਂਦਾ ਹੈ, ਨਾ ਕੋਈ ਛੋਟਾ। ਸਕ੍ਰੀਨ ਦੇ ਪਿੱਛੇ ਲੁਕ ਕੇ ਕਿਸੇ ਦੀ ਵੀ ਧੀ-ਭੈਣ ਜਾਂ ਕਿਸੇ ਵੀ ਬਜ਼ੁਰਗ 'ਤੇ ਗੰਦੀ ਤੋਂ ਗੰਦੀ ਸ਼ਬਦਾਵਲੀ ਵਰਤਣੀ ਆਮ ਗੱਲ ਬਣ ਚੁੱਕੀ ਹੈ। ਲੋਕ ਬਿਨਾਂ ਸੋਚੇ-ਸਮਝੇ ਆਪਣੀ ਅੰਦਰਲੀ ਭੜਾਸ ਕੱਢਣ ਲਈ ਅਜਿਹੀਆਂ ਟਿੱਪਣੀਆਂ ਕਰਦੇ ਹਨ, ਜੋ ਕਿਸੇ ਦੀ ਆਤਮਾ ਨੂੰ ਛਲਣੀ ਕਰ ਦਿੰਦੀਆਂ ਹਨ। ਇੱਕ ਬੰਦੇ ਦੀ ਸਾਰੀ ਉਮਰ ਦੀ ਇੱਜ਼ਤ, ਉਸ ਦੀ ਮਿਹਨਤ ਅਤੇ ਉਸ ਦੀ ਸ਼ਰਾਫ਼ਤ ਨੂੰ ਇੱਕ ਗਲਤ ਕੁਮੈਂਟ ਜਾਂ ਝੂਠੀ ਅਫ਼ਵਾਹ ਨਾਲ ਪਲ ਵਿੱਚ ਤਬਾਹ ਕਰ ਦਿੱਤਾ ਜਾਂਦਾ ਹੈ। ਕਿਸੇ ਦੀ ਬਦਨਾਮੀ ਵਿੱਚੋਂ ਸੁਆਦ ਲੈਣਾ ਅੱਜ ਦੀ ਮਾਨਸਿਕਤਾ ਦਾ ਸਭ ਤੋਂ ਗੰਭੀਰ ਰੋਗ ਬਣ ਗਿਆ ਹੈ।

ਇਸ ਆਨਲਾਈਨ ਦਲਦਲ ਨੇ ਕਿੰਨੇ ਹੀ ਹੱਸਦੇ-ਵਸਦੇ ਘਰ ਉਜਾੜ ਦਿੱਤੇ ਹਨ। ਘਰਾਂ ਦੇ ਘਰ ਤਲਾਕਾਂ ਤੱਕ ਪਹੁੰਚ ਰਹੇ ਹਨ, ਕਿਉਂਕਿ ਰਿਸ਼ਤਿਆਂ ਵਿੱਚੋਂ ਵਿਸ਼ਵਾਸ ਖ਼ਤਮ ਹੋ ਕੇ ਸ਼ੱਕ ਅਤੇ ਦਿਖਾਵੇ ਨੇ ਜਗ੍ਹਾ ਲੈ ਲਈ ਹੈ। ਮਾਪੇ ਰਾਤਾਂ ਨੂੰ ਸੋਚ-ਸੋਚ ਕੇ ਫਿਕਰਾਂ ਵਿੱਚ ਘੁਲ ਰਹੇ ਹਨ ਕਿ ਉਨ੍ਹਾਂ ਦੇ ਬੱਚੇ ਦੀ ਕੋਈ ਗਲਤ ਵੀਡੀਓ ਜਾਂ ਗਲਤ ਕਦਮ ਸਮਾਜ ਵਿੱਚ ਉਨ੍ਹਾਂ ਦਾ ਸਿਰ ਝੁਕਾ ਨਾ ਦੇਵੇ। ਆਏ ਦਿਨ ਅਸੀਂ ਖ਼ਬਰਾਂ ਵਿੱਚ ਪੜ੍ਹਦੇ ਹਾਂ ਕਿ ਸੋਸ਼ਲ ਮੀਡੀਆ 'ਤੇ ਹੋਈ ਟਰੋਲਿੰਗ, ਕਿਸੇ ਦੀ ਲੀਕ ਹੋਈ ਚੈਟ ਜਾਂ ਕਿਸੇ ਦੀ ਰੀਲ੍ਹ 'ਤੇ ਕੀਤੇ ਗੰਦੇ ਕੁਮੈਂਟਾਂ ਤੋਂ ਤੰਗ ਆ ਕੇ ਕਿਸੇ ਨੇ ਆਪਣੀ ਜੀਵਨ ਲੀਲ੍ਹਾ ਸਮਾਪਤ ਕਰ ਲਈ।

ਸਥਿਤੀ ਤਦ ਹੋਰ ਵੀ ਭਿਆਨਕ ਹੋ ਜਾਂਦੀ ਹੈ ਜਦੋਂ ਹੁਣ ਆਰਟੀਫੀਸ਼ੀਅਲ ਇੰਟੈਲੀਜੈਂਸ (ਏ ਆਈ) ਵਰਗੀ ਤਕਨਾਲੋਜੀ ਦੀ ਵਰਤੋਂ ਗਲਤ ਕੰਮਾਂ ਲਈ ਕੀਤੀ ਜਾ ਰਹੀ ਹੈ। ਬਿਨਾਂ ਇਹ ਸੋਚੇ ਕਿ ਸਾਹਮਣੇ ਵਾਲੇ ਦੇ ਪਰਵਾਰ 'ਤੇ ਕੀ ਬੀਤੇਗੀ, ਲੋਕ ਏ ਆਈ ਰਾਹੀਂ ਕੁੜੀਆਂ ਅਤੇ ਆਮ ਲੋਕਾਂ ਦੀਆਂ ਤਸਵੀਰਾਂ ਅਤੇ ਵੀਡੀਓਜ਼ ਨਾਲ ਛੇੜਛਾੜ ਕਰਕੇ ਡੀਪਫੇਕ ਬਣਾ ਰਹੇ ਹਨ ਅਤੇ ਵਾਇਰਲ ਕਰ ਰਹੇ ਹਨ। ਨੈਤਿਕਤਾ ਦਾ ਅੰਤ ਇਹ ਹੈ ਕਿ ਕਿਸੇ ਦੀ ਬਰਬਾਦੀ ਨੂੰ ਵੀ 'ਕੰਟੈਂਟ' ਸਮਝ ਕੇ ਸ਼ੇਅਰ ਕੀਤਾ ਜਾਂਦਾ ਹੈ।

ਸੋਸ਼ਲ ਮੀਡੀਆ, ਜੋ ਸਾਡੇ ਲਈ ਗਿਆਨ ਅਤੇ ਸੰਚਾਰ ਦਾ ਸਾਧਨ ਬਣ ਸਕਦਾ ਸੀ, ਅੱਜ ਸਾਡੀ ਆਪਣੀ ਹੀ ਬੇਵਕੂਫ਼ੀ ਕਾਰਨ ਇੱਕ ਮਾਨਸਿਕ ਗੁਲਾਮੀ ਅਤੇ ਤਬਾਹੀ ਦਾ ਦੌਰ ਬਣ ਚੁੱਕਾ ਹੈ। ਜੇਕਰ ਅਸੀਂ ਹੁਣ ਵੀ ਨਾ ਸੰਭਲੇ, ਜੇਕਰ ਅਸੀਂ ਹੁਣ ਵੀ ਸਕ੍ਰੀਨ ਦੇ ਇਸ ਝੂਠੇ ਜਾਲ ਨਾਲੋਂ ਅਸਲ ਜ਼ਿੰਦਗੀ, ਪਰਿਵਾਰਿਕ ਸਾਂਝ ਅਤੇ ਆਪਣੀ ਨੈਤਿਕ ਮਰਿਆਦਾ ਨੂੰ ਉੱਪਰ ਨਾ ਰੱਖਿਆ, ਤਾਂ ਉਹ ਦਿਨ ਦੂਰ ਨਹੀਂ, ਜਦੋਂ ਸਾਡੇ ਕੋਲ ਪਛਤਾਵੇ ਤੋਂ ਬਿਨਾਂ ਕੁਝ ਨਹੀਂ ਬਚੇਗਾ। ਇੱਕ ਲਾਈਕ ਜਾਂ ਵਿਊ ਲਈ ਆਪਣੀ ਇੱਜ਼ਤ ਅਤੇ ਖੁਸ਼ੀਆਂ ਨੂੰ ਦਾਅ 'ਤੇ ਲਗਾਉਣਾ ਸਮਝਦਾਰੀ ਨਹੀਂ, ਬਲਕਿ ਖੁਦ ਆਪਣੇ ਹੱਥੀਂ ਆਪਣੀ ਜ਼ਿੰਦਗੀ ਨੂੰ ਅੱਗ ਲਗਾਉਣਾ ਹੈ।

# ਸੰਪਰਕ : 84272-12104

# ਲੋਕਤੰਤਰ 'ਚ ਲੋਕ ਹੀ ਵੱਡੇ ਹੁੰਦੇ ਹਨ



ਡਾ. ਗੁਰਤੇਜ ਸਿੰਘ

ਮੀਡੀਆ ਲੋਕਤੰਤਰ ਦਾ ਚੌਥਾ ਥੰਮ੍ਹ ਹੈ, ਜਿਸ ਨੇ ਲੋਕ ਆਵਾਜ਼ ਬਣ ਕੇ ਜਨਤਾ ਦੀਆਂ ਸਮੱਸਿਆਵਾਂ ਨੂੰ ਸਰਕਾਰ ਤੱਕ ਪਹੁੰਚਾਉਣਾ ਹੁੰਦਾ ਹੈ। ਸਰਕਾਰ ਨੂੰ ਸਵਾਲ ਕਰਨੇ ਹੁੰਦੇ ਹਨ, ਗਲਤ ਲਈ ਸ਼ਬਦਾਂ ਦੀ ਮਰਿਆਦਾ ਵਿੱਚ ਰਹਿ ਕੇ ਅਲੋਚਨਾ ਕਰਨੀ ਹੁੰਦੀ ਹੈ ਤੇ ਚੰਗੀਆਂ ਨੀਤੀਆਂ ਦੀ ਵਡਿਆਈ ਕਰਨੀ ਹੁੰਦੀ ਹੈ। ਜ਼ਿਆਦਾਤਰ ਮੀਡੀਆ ਅਦਾਰੇ ਗੋਦੀ ਮੀਡੀਆ ਦਾ ਕਿਰਦਾਰ ਨਿਭਾ ਕੇ ਸਰਕਾਰਾਂ ਨਾਲ ਵਫ਼ਾਦਾਰੀ ਦਾ ਸਬੂਤ ਦੇ ਰਹੇ ਹਨ ਤੇ ਲੋਕਾਈ ਨਾਲ ਗੱਦਾਰੀ ਕੀਤੀ ਜਾ ਰਹੀ ਹੈ, ਜੋ ਜੱਗ ਜ਼ਾਹਰ ਹੈ। ਕੁਝ ਮੀਡੀਆ ਅਦਾਰੇ ਹੀ ਲੋਕਤੰਤਰ ਦੀ ਗੱਲ ਕਰਦੇ ਹਨ ਜੋ ਆਟੇ 'ਚ ਲੂਣ ਬਰਾਬਰ ਹਨ। ਸਰਕਾਰਾਂ ਸਵਾਲ ਕਰਨ ਵਾਲੇ ਮੀਡੀਆ ਕਰਮੀਆਂ ਤੇ ਚੈਨਲਾਂ ਦੀ ਜ਼ੁਬਾਨਬੰਦੀ ਕਰਨ ਲਈ ਹਰ ਹੀਲਾ ਵਰਤਦੀਆਂ ਹਨ। ਲਾਲਚ ਨਾਲ ਨਾ ਮੰਨਣ ਵਾਲਿਆਂ ਦਾ ਜਿਉਣਾ ਦੁੱਭਰ ਕਰ ਦਿੱਤਾ ਜਾਂਦਾ ਹੈ।

ਲੋਕਤੰਤਰ ਸਿਰਫ਼ ਵੋਟ ਪਾਉਣ ਦੀ ਪ੍ਰਕਿਰਿਆ ਦਾ ਨਾਂਅ ਨਹੀਂ। ਇਹ ਇੱਕ ਅਜਿਹੀ ਪ੍ਰਣਾਲੀ ਹੈ, ਜਿਸ ਵਿੱਚ ਸੱਤਾ ਦਾ ਅਸਲ ਸਰੋਤ ਲੋਕ ਹੁੰਦੇ ਹਨ। ਚੋਣਾਂ ਆਉਂਦੀਆਂ ਹਨ, ਰਾਜਨੀਤਕ ਪਾਰਟੀਆਂ ਆਪਣੇ ਵਾਅਦੇ ਲੈ ਕੇ ਲੋਕਾਂ ਦੇ ਦਰਵਾਜ਼ਿਆਂ ਤੱਕ ਪਹੁੰਚਦੀਆਂ ਹਨ, ਨੇਤਾ ਹੱਥ ਜੋੜਦੇ ਹਨ ਅਤੇ ਆਪਣੇ ਆਪ ਨੂੰ ਲੋਕਾਂ ਦਾ ਸੇਵਕ ਦੱਸਦੇ ਹਨ। ਚੋਣਾਂ ਖ਼ਤਮ ਹੁੰਦੇ ਹੀ ਅਕਸਰ ਇਹ ਭੁੱਲ ਜਾਂਦੇ ਹਨ ਕਿ ਜਿਸ ਜਨਤਾ ਨੇ ਉਨ੍ਹਾਂ ਨੂੰ ਸੱਤਾ ਦਿੱਤੀ ਹੈ, ਉਹੀ ਜਨਤਾ ਉਨ੍ਹਾਂ ਤੋਂ ਸਵਾਲ ਪੁੱਛਣ ਦਾ ਹੱਕ ਵੀ ਰੱਖਦੀ ਹੈ।

ਇਸ ਲਈ ਲੋਕਤੰਤਰ ਦੀ ਸਭ ਤੋਂ ਵੱਡੀ ਤਾਕਤ ਸਿਰਫ਼ ਲੋਕਾਂ ਦੀ ਵੱਧ ਗਿਣਤੀ ਨਹੀਂ, ਉਨ੍ਹਾਂ ਦੀ ਜਾਗਰੂਕਤਾ ਹੁੰਦੀ ਹੈ। ਜਾਗਰੂਕ ਲੋਕ ਹੀ ਆਪਣੇ ਅਧਿਕਾਰਾਂ ਨੂੰ ਸਮਝਦੇ ਹਨ, ਆਪਣੀਆਂ ਜ਼ਿੰਮੇਵਾਰੀਆਂ ਨੂੰ ਪਛਾਣਦੇ ਹਨ ਅਤੇ ਸੱਤਾ ਨੂੰ ਜਵਾਬਦੇਹ ਬਣਾਉਣ ਦੀ ਸਮਰੱਥਾ ਰੱਖਦੇ ਹਨ।

ਲੋਕਤੰਤਰ ਵਿੱਚ ਸੰਵਿਧਾਨ ਸਭ ਤੋਂ ਉੱਪਰ ਹੁੰਦਾ ਹੈ ਅਤੇ ਲੋਕ ਉਸ ਸੰਵਿਧਾਨਕ ਪ੍ਰਬੰਧ ਦੇ ਕੇਂਦਰ ਵਿੱਚ ਹੁੰਦੇ ਹਨ। ਸਰਕਾਰਾਂ ਲੋਕਾਂ ਦੁਆਰਾ ਚੁਣੀਆਂ ਜਾਂਦੀਆਂ ਹਨ। ਵਿਧਾਇਕ ਅਤੇ ਸੰਸਦ ਮੈਂਬਰ ਲੋਕਾਂ ਦੀਆਂ ਵੋਟਾਂ ਨਾਲ ਆਪਣੀ ਕੁਰਸੀ ਤੱਕ ਪਹੁੰਚਦੇ ਹਨ। ਇਸ ਲਈ ਕਿਸੇ ਵੀ ਚੁਣੇ ਹੋਏ ਨੁਮਾਇੰਦੇ ਦੀ ਤਾਕਤ ਉਸ ਦੀ ਨਿੱਜੀ ਜਾਇਦਾਦ ਨਹੀਂ ਹੁੰਦੀ, ਇਹ ਲੋਕਾਂ ਵੱਲੋਂ ਦਿੱਤੀ ਗਈ ਅਮਾਨਤ ਹੁੰਦੀ ਹੈ। ਸਮੱਸਿਆ ਉਸ ਵੇਲੇ ਪੈਦਾ ਹੁੰਦੀ ਹੈ, ਜਦੋਂ ਜਨਤਾ ਆਪਣੇ ਆਪ ਨੂੰ ਸਿਰਫ਼ ਵੋਟਰ ਸਮਝਣ ਲੱਗਦੀ ਹਨ ਅਤੇ ਆਪਣੇ ਚੁਣੇ ਨੁਮਾਇੰਦਿਆਂ ਨੂੰ ਮਾਲਕ ਤੇ ਰਾਜਨੇਤਾ ਆਪਣੇ ਆਪ ਨੂੰ ਸਿਰਮੌਰ ਮੰਨਣਾ ਸ਼ੁਰੂ ਕਰ ਦਿੰਦੇ ਹਨ।

ਲੋਕਤੰਤਰੀ ਢਾਂਚੇ ਵਿੱਚ ਸਾਫ਼ ਅਕਸ ਵਾਲੇ ਨੁਮਾਇੰਦੇ ਨੇਤਾ ਦੇ ਰੂਪ 'ਚ ਅੱਗੇ ਲਿਆਉਣੇ ਤੇ ਮਤਦਾਨ ਦੀ ਵਡਮੁੱਲੀ ਭੇਟ ਦੇ ਕੇ ਪੰਚ, ਸਰਪੰਚ, ਐੱਮ ਐੱਲ ਏ, ਸੰਸਦ ਮੈਂਬਰ ਬਣਾਉਣੇ ਲੋਕ ਸਮੂਹ ਦੇ ਹਿੱਸੇ ਆਇਆ ਹੈ। ਵੋਟ ਪਾਉਣ ਤੋਂ ਬਾਅਦ ਨਾਗਰਿਕਾਂ ਦੀ ਭੂਮਿਕਾ ਖ਼ਤਮ ਨਹੀਂ ਹੁੰਦੀ, ਬਲਕਿ ਉੱਥੋਂ ਹੀ ਉਨ੍ਹਾਂ ਦੀ ਦੂਜੀ ਅਤੇ ਮਹੱਤਵਪੂਰਨ ਭੂਮਿਕਾ ਸ਼ੁਰੂ ਹੁੰਦੀ ਹੈ, ਸਰਕਾਰ ਦੇ ਕੰਮਕਾਜ ਉੱਤੇ ਨਜ਼ਰ ਰੱਖਣ ਦੀ, ਸਵਾਲ ਪੁੱਛਣ ਦੀ, ਗਲਤ ਨੀਤੀਆਂ ਦਾ ਵਿਰੋਧ ਕਰਨ ਦੀ ਅਤੇ ਚੰਗੇ ਕੰਮ ਦੀ ਹੌਸਲਾ-ਅਫ਼ਜ਼ਾਈ ਕਰਨ ਦੀ। ਇੱਥੇ ਜਾਗਰੂਕਤਾ ਹੀ ਲੋਕ-ਤਾਕਤ ਹੋ ਨਿੱਬੜਦੀ ਹੈ।

ਆਪਣੇ ਬੁਨਿਆਦੀ ਹੱਕਾਂ ਅਤੇ ਸੰਵਿਧਾਨਕ ਜ਼ਿੰਮੇਵਾਰੀਆਂ ਪ੍ਰਤੀ ਲਾਪਰਵਾਹ ਨਾਗਰਿਕ ਨੂੰ ਚੰਦ ਲਾਲਚਾਂ ਨਾਲ ਆਸਾਨੀ ਨਾਲ ਭਰਮਾਇਆ ਜਾ ਸਕਦਾ ਹੈ ਤੇ ਦਬਕੇ ਨਾਲ ਦਬਾਇਆ ਜਾ ਸਕਦਾ ਹੈ। ਉਸ ਨੂੰ ਧਰਮ, ਜਾਤ, ਭਾਸ਼ਾ, ਖੇਤਰ, ਡਰ ਜਾਂ ਝੂਠੇ ਵਾਅਦਿਆਂ ਦੇ ਆਧਾਰ 'ਤੇ ਸੌਖਿਆਂ ਹੀ ਪ੍ਰਭਾਵਤ ਕੀਤਾ ਜਾ ਸਕਦਾ ਹੈ। ਜਾਗਰੂਕ ਨਾਗਰਿਕ ਨੇਤਾ ਦੇ ਭਾਸ਼ਣ ਤੋਂ ਵੱਧ ਉਸ ਦੇ ਕੰਮ ਨੂੰ ਮਹੱਤਵ ਦਿੰਦਾ ਹੈ। ਉਹ ਸਵਾਲ ਪੁੱਛਣ ਦੀ ਹਿੰਮਤ ਰੱਖਦਾ ਹੈ ਕਿ ਸਾਡੇ ਇਲਾਕੇ ਵਿੱਚ ਸਿੱਖਿਆ ਦੀ ਹਾਲਤ ਕੀ ਹੈ। ਸਿਹਤ ਸਹੂਲਤਾਂ ਕਿਹੋ ਜਿਹੀਆਂ ਹਨ। ਰੁਜ਼ਗਾਰ ਦੇ ਮੌਕੇ ਕਿੰਨੇ ਵਧੇ ਹਨ। ਸੜਕਾਂ, ਪਾਣੀ ਅਤੇ ਸਫ਼ਾਈ ਦੀ ਸਥਿਤੀ ਕੀ ਹੈ। ਸਰਕਾਰੀ ਪੈਸਾ ਕਿੱਥੇ ਖ਼ਰਚ ਹੋ ਰਿਹਾ ਹੈ। ਚੋਣਾਂ ਮੌਕੇ ਜਿਹੜੇ ਵਾਅਦੇ ਕੀਤੇ ਗਏ ਸਨ, ਉਨ੍ਹਾਂ ਵਿੱਚੋਂ ਕਿੰਨੇ ਪੂਰੇ ਹੋਏ ਹਨ। ਇਹ ਸਵਾਲ ਕਿਸੇ ਸਰਕਾਰ ਦੇ ਵਿਰੁੱਧ ਨਹੀਂ ਹੁੰਦੇ, ਇਹ ਤਾਂ ਲੋਕਤੰਤਰ ਦੇ ਹੱਕ ਵਿੱਚ ਹੁੰਦੇ ਹਨ।

ਜਿੱਥੇ ਲੋਕ ਸਵਾਲ ਕਰਨੇ ਛੱਡ ਦਿੰਦੇ ਹਨ, ਉੱਥੇ ਜਵਾਬਦੇਹੀ ਕਮਜ਼ੋਰ ਹੋਣ ਲੱਗਦੀ ਹੈ, ਅਤੇ ਜਿੱਥੇ ਜਵਾਬਦੇਹੀ ਕਮਜ਼ੋਰ ਹੁੰਦੀ ਹੈ, ਉੱਥੇ ਸੱਤਾ ਦੇ ਦੁਰਵਰਤੋਂ ਦੀ ਸੰਭਾਵਨਾ ਵਧ ਜਾਂਦੀ ਹੈ। ਭੀੜ ਕਿਸੇ ਨੇਤਾ ਦੀ ਲੋਕਪ੍ਰਿਯਤਾ ਤੋਂ ਪ੍ਰਭਾਵਤ ਹੋ ਸਕਦੀ ਹੈ, ਜਾਗਰੂਕ ਨਾਗਰਿਕ ਉਸ ਦੇ ਕੰਮ ਦਾ ਮੁਲਾਂਕਣ ਕਰਦਾ ਹੈ। ਇਹੀ ਕਾਰਨ ਹੈ ਕਿ ਲੋਕਤੰਤਰ ਨੂੰ ਸਿਰਫ਼ ਬਹੁਮਤ ਦੀ ਲੋੜ ਨਹੀਂ ਹੁੰਦੀ, ਸਗੋਂ ਸੂਝਵਾਨ ਬਹੁਮਤ ਦੀ ਲੋੜ ਹੁੰਦੀ ਹੈ।

ਵੋਟ ਲੋਕਤੰਤਰ ਦਾ ਬਹੁਤ ਮਹੱਤਵਪੂਰਨ ਹਥਿਆਰ ਹੈ, ਪਰ ਇਸ ਦੀ ਤਾਕਤ ਤਾਂ ਹੀ ਕਾਇਮ ਰਹਿੰਦੀ ਹੈ, ਜਦੋਂ ਇਸ ਦੀ ਵਰਤੋਂ ਸੋਚ-ਸਮਝ ਕੇ ਕੀਤੀ ਜਾਵੇ। ਜੇ ਕੋਈ ਵਿਅਕਤੀ ਸਿਰਫ਼ ਇਸ ਲਈ ਵੋਟ ਪਾਉਂਦਾ ਹੈ ਕਿ ਉਮੀਦਵਾਰ ਉਸ ਦੀ ਜਾਤ ਜਾਂ ਧਰਮ ਨਾਲ ਸਬੰਧਤ ਹੈ, ਤਾਂ ਉਹ ਆਪਣੇ ਵੋਟ ਦੀ ਅਸਲ ਤਾਕਤ ਨੂੰ ਸੀਮਤ ਕਰ ਦਿੰਦਾ ਹੈ। ਜੇ ਕੋਈ ਪੈਸੇ, ਨਸ਼ੇ, ਤੋਹਫ਼ੇ ਜਾਂ ਥੋੜ੍ਹੇ ਸਮੇਂ ਦੇ ਲਾਭ ਦੇ ਬਦਲੇ ਆਪਣਾ ਵੋਟ ਵੇਚ ਦਿੰਦਾ ਹੈ, ਤਾਂ ਉਹ ਸਿਰਫ਼ ਆਪਣਾ ਵੋਟ ਨਹੀਂ ਵੇਚਦਾ, ਸਗੋਂ ਆਉਣ ਵਾਲੇ ਸਾਲਾਂ ਦੀ ਆਪਣੀ ਆਵਾਜ਼ ਨੂੰ ਵੀ ਨੇਤਾਵਾਂ ਦੇ ਕੋਲ ਗਿਰਵੀ ਰੱਖ ਦਿੰਦਾ ਹੈ। ਇਸ ਲਈ ਵੋਟ ਪਾਉਣ ਤੋਂ ਪਹਿਲਾਂ ਉਮੀਦਵਾਰ ਦੀ ਯੋਗਤਾ, ਇਮਾਨਦਾਰੀ, ਕਾਰਗੁਜ਼ਾਰੀ ਅਤੇ ਲੋਕ-ਪੱਖੀ ਸੋਚ ਨੂੰ ਪਰਖਣਾ ਜ਼ਰੂਰੀ ਹੈ। ਉਕਤ ਜਾਣਕਾਰੀ ਦੀ ਜਾਂਚ ਕਰਨ ਦੀ ਆਦਤ ਵੀ ਲੋਕਤੰਤਰ ਦੀ ਰੱਖਿਆ ਦਾ ਇੱਕ ਮਹੱਤਵਪੂਰਨ ਹਿੱਸਾ ਹੈ।

ਲੋਕ ਵਿਰੋਧੀ ਨੀਤੀਆਂ ਦਾ ਪੁਰਜ਼ੋਰ ਵਿਰੋਧ ਕਰਨਾ ਲੋਕਤੰਤਰ ਦਾ ਅਹਿਮ ਹਿੱਸਾ ਹੈ। ਸਰਕਾਰਾਂ ਦਾ ਵਿਰੋਧ ਦੇਸ਼ ਵਿਰੋਧੀ ਨਹੀਂ ਹੁੰਦਾ। ਸਾਡੇ ਸਮਾਜ ਵਿੱਚ ਅਕਸਰ ਵਿਰੋਧੀ ਵਿਚਾਰ ਰੱਖਣ ਵਾਲੇ ਵਿਅਕਤੀ ਨੂੰ ਵਿਰੋਧੀ ਜਾਂ ਦੁਸ਼ਮਣ ਸਮਝ ਲਿਆ ਜਾਂਦਾ ਹੈ। ਲੋਕਤੰਤਰ ਦੀ ਖੂਬਸੂਰਤੀ ਹੀ ਇਹ ਹੈ ਕਿ ਇੱਥੇ ਹਰ ਵਿਅਕਤੀ ਨੂੰ ਆਪਣੀ ਰਾਇ ਰੱਖਣ ਦਾ ਅਧਿਕਾਰ ਹੈ। ਸਰਕਾਰ ਦੀ ਅਲੋਚਨਾ ਕਰਨਾ ਦੇਸ਼ ਦੀ ਅਲੋਚਨਾ ਨਹੀਂ। ਕਿਸੇ ਨੀਤੀ ਨਾਲ ਅਸਹਿਮਤ ਹੋਣਾ ਰਾਸ਼ਟਰ-ਵਿਰੋਧ ਨਹੀਂ। ਸਵਾਲ ਪੁੱਛਣਾ ਦੇਸ਼ ਦੀ ਅਖੰਡਤਾ ਵਿੱਚ ਅਵਿਸ਼ਵਾਸ ਹਰਗਿਜ਼ ਨਹੀਂ।

ਸਿਹਤਮੰਦ ਲੋਕਤੰਤਰ ਵਿੱਚ ਸਰਕਾਰ ਦੇ ਨਾਲ-ਨਾਲ ਵਿਰੋਧੀ ਧਿਰ, ਮੀਡੀਆ, ਨਿਆਂ ਪਾਲਿਕਾ, ਬੁੱਧੀਜੀਵੀ ਵਰਗ ਅਤੇ ਆਮ ਨਾਗਰਿਕ ਸਾਰੇ ਆਪੋ-ਆਪਣੀ ਸਾਰਥਿਕ ਭੂਮਿਕਾ ਨਿਭਾਉਂਦੇ ਹਨ। ਜਿੱਥੇ ਸਿਰਫ਼ ਸੱਤਾ ਦੀ ਆਵਾਜ਼ ਸੁਣਾਈ ਦੇਵੇ ਅਤੇ ਬਾਕੀ ਸਾਰੇ ਚੁੱਪ ਹੋ ਜਾਣ, ਉੱਥੇ ਲੋਕਤੰਤਰ ਦੀ ਰੂਹ ਕਮਜ਼ੋਰ ਹੋਣ ਲੱਗਦੀ ਹੈ। ਲੋਕਤੰਤਰ ਸਿਰਫ਼ ਇਹ ਨਹੀਂ ਕਿ ਸਰਕਾਰ ਸਾਡੇ ਲਈ ਕੀ ਕਰ ਰਹੀ ਹੈ, ਇਹ ਵੀ ਹੈ ਕਿ ਅਸੀਂ ਸਮਾਜ ਅਤੇ ਦੇਸ਼ ਲਈ ਕੀ ਕਰ ਰਹੇ ਹਾਂ। ਕਿਸੇ ਵੀ ਲੋਕਤੰਤਰਿਕ ਦੇਸ਼ ਦਾ ਭਵਿੱਖ ਉਸ ਦੇ ਨੌਜਵਾਨਾਂ ਦੀ ਸੋਚ 'ਤੇ ਨਿਰਭਰ ਕਰਦਾ ਹੈ। ਜੇਕਰ ਨੌਜਵਾਨ ਸਿਰਫ਼ ਸੋਸ਼ਲ ਮੀਡੀਆ ਦੀਆਂ ਬਹਿਸਾਂ ਤੱਕ ਸੀਮਤ ਰਹਿ ਜਾਣ ਅਤੇ ਅਸਲ ਸਮਾਜਿਕ ਮੁੱਦਿਆਂ ਤੋਂ ਦੂਰ ਹੋ ਜਾਣ, ਤਾਂ ਲੋਕਤੰਤਰ ਦੀ ਤਾਕਤ ਘਟਦੀ ਹੈ।

ਨੌਜਵਾਨਾਂ ਨੂੰ ਸੰਵਿਧਾਨ, ਆਪਣੇ ਅਧਿਕਾਰਾਂ, ਚੋਣ ਪ੍ਰਕਿਰਿਆ ਅਤੇ ਸਮਾਜਿਕ ਮਸਲਿਆਂ ਬਾਰੇ ਜਾਣੂ ਹੋਣਾ ਚਾਹੀਦਾ ਹੈ। ਉਨ੍ਹਾਂ ਨੂੰ ਨੇਤਾਵਾਂ ਨੂੰ ਸਵਾਲ ਪੁੱਛਣੇ ਚਾਹੀਦੇ ਹਨ ਅਤੇ ਆਪਣੇ ਵਿਚਾਰ ਤਰਕ ਨਾਲ ਪੇਸ਼ ਕਰਨੇ ਚਾਹੀਦੇ ਹਨ।

ਜਦੋਂ ਲੋਕ ਜਾਗਰੂਕ ਹੁੰਦੇ ਹਨ ਤਾਂ ਨੇਤਾ ਉਨ੍ਹਾਂ ਦੇ ਸਵਾਲਾਂ ਦਾ ਭੈਅ ਖਾਂਦੇ ਹਨ ਤੇ ਉਨ੍ਹਾਂ ਦੇ ਸਵਾਲਾਂ ਦਾ ਜਵਾਬ ਦੇਣ ਲਈ ਮਜਬੂਰ ਹੁੰਦੇ ਹਨ। ਜਦੋਂ ਲੋਕ ਆਪਣੇ ਅਧਿਕਾਰਾਂ ਨੂੰ ਸਮਝਦੇ ਹਨ ਤਾਂ ਕੋਈ ਵੀ ਉਨ੍ਹਾਂ ਨੂੰ ਆਸਾਨੀ ਨਾਲ ਭਾਵਨਾਵਾਂ ਦੇ ਨਾਂਅ 'ਤੇ ਗੁੰਮਰਾਹ ਨਹੀਂ ਕਰ ਸਕਦਾ।

ਗੱਲ ਤੇ ਏਨੀ ਕੁ ਹੈ ਕਿ ਲੋਕਤੰਤਰ ਵਿੱਚ ਲੋਕ ਹੀ ਵੱਡੇ ਹੁੰਦੇ ਹਨ, ਪਰ ਤਦੋਂ ਹੀ, ਜਦੋਂ ਉਹ ਆਪਣੀ ਤਾਕਤ ਨੂੰ ਪਛਾਣਦੇ ਹਨ। ਜਾਗਰੂਕ ਲੋਕ ਸੱਤਾ ਦੇ ਪਿੱਛੇ ਨਹੀਂ ਤੁਰਦੇ, ਉਹ ਸੱਤਾ ਨੂੰ ਲੋਕਾਂ ਦੇ ਪਿੱਛੇ ਤੁਰਨ ਲਈ ਮਜਬੂਰ ਕਰਦੇ ਹਨ। ਉਹ ਨੇਤਾਵਾਂ ਨੂੰ ਦੇਵਤਾ ਨਹੀਂ ਬਣਾਉਂਦੇ, ਸਗੋਂ ਲੋਕ-ਸੇਵਕ ਸਮਝਦੇ ਹਨ। ਉਹ ਵੋਟ ਨੂੰ ਸਿਰਫ਼ ਇੱਕ ਨਿਸ਼ਾਨ ਨਹੀਂ, ਆਪਣੇ ਭਵਿੱਖ ਦਾ ਫ਼ੈਸਲਾ ਸਮਝਦੇ ਹਨ। ਇਸ ਲਈ ਲੋਕਤੰਤਰ ਨੂੰ ਬਚਾਉਣ ਅਤੇ ਮਜ਼ਬੂਤ ਕਰਨ ਦਾ ਸਭ ਤੋਂ ਪਹਿਲਾ ਕਦਮ ਹੈ ਲੋਕਾਂ ਦਾ ਜਾਗਰੂਕ ਹੋਣਾ, ਕਿਉਂਕਿ ਜਦੋਂ ਲੋਕ ਜਾਗਦੇ ਹਨ, ਤਾਂ ਲੋਕਤੰਤਰ ਜਿਉਂਦਾ ਰਹਿੰਦਾ ਹੈ। ਜਦੋਂ ਲੋਕ ਸੁੱਤੇ ਹੁੰਦੇ ਹਨ ਤਾਂ ਲੋਕਤੰਤਰ ਸਿਰਫ਼ ਕਾਗਜ਼ਾਂ 'ਚ ਬਚਿਆ ਦਿਸਦਾ ਹੈ। ਸਹੀ ਅਰਥਾਂ ਵਿੱਚ ਉਸ ਦਾ ਪਤਨ ਸ਼ੁਰੂ ਹੋ ਚੁੱਕਾ ਹੁੰਦਾ ਹੈ।

# ਸੰਪਰਕ: 95173-96001

